੧ਓ ਸਤਿਗੁਰ ਪ੍ਰਸਾਦਿ ॥

ਬਾਬਾ ਦੀਪ ਸਿੰਘ

ਕੁਲਦੀਪ ਕੌਰ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼-423
ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ।
ਮੁੱਲ : ਰੁਪਏ 4-00

ਪਹਿਲਾ ਐਡੀਸ਼ਨ : 1100 ਕਾਪੀਆਂ
ਫਰਵਰੀ, 1993

ਛਾਪਕ : ਲੋਕ ਅਵਾਜ਼ ਪ੍ਰਿੰਟਰਜ਼, ਸੁਨਾਮੀ ਗੇਟ, ਨਜ਼ਦੀਕ ਮੋਦੀ ਕਾਲਜ, ਪਟਿਆਲਾ ।

ਬਾਬਾ
ਦੀਪ
ਸਿੰਘ

੧ੳ ਸਤਿਗੁਰ ਪ੍ਰਸਾਦਿ ॥

ਬਾਬਾ ਦੀਪ ਸਿੰਘ

ਕੁਲਦੀਪ ਕੌਰ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼-423
ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ।
ਮੁੱਲ : ਰੁਪਏ 4-00

ਦੋ ਸ਼ਬਦ

ਪਿਛਲੇ ਟਰੈਕਟਾਂ ਨਾਲ ਸ. ਨਰਾਇਣ ਸਿੰਘ ਨੇ ਇਕ ਚਿੱਠੀ ਭੇਜੀ ਸੀ ਕਿ ਉਹਨਾਂ ਨੂੰ ਮਿਸ਼ਨ ਦੇ ਕੰਮਾਂ ਤੋਂ ਮੁਕਤ ਕੀਤਾ ਜਾਵੇ। ਉਹਨਾਂ ਨੇ ਆਪਣੀ ਵੱਡੀ ਉਮਰ ਕਾਰਣ ਇਹ ਚਿੱਠੀ ਲਿਖੀ ਸੀ। ਪ੍ਰੰਤੂ ਮਿਸ਼ਨ ਵਲੋਂ ਉਹਨਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਜਿਥੋਂ ਤੱਕ ਹੋ ਸਕੇ ਉਹ ਕੰਮ ਕਰਦੇ ਰਹਿਣ ਅਤੇ ਬਾਕੀ ਦੇ ਕੰਮਾਂ ਵਿਚ ਮਿਸ਼ਨ ਦਾ ਹਰ ਮੈਂਬਰ ਉਹਨਾਂ ਦੀ ਸਹਾਇਤਾ ਕਰੇਗਾ। ਇਸ ਲਈ ਹੁਣ ਮਿਸ਼ਨ ਦੇ ਟਰੈਕਟਾਂ ਦਾ ਕੰਮ ਡਾ. ਗੁਰਚਰਨ ਸਿੰਘ ਅਤੇ ਮਿਸ਼ਨ ਦੇ ਪ੍ਰਧਾਨ ਨੇ ਆਪਣੇ ਜ਼ਿੰਮੇ ਲੈ ਲਿਆ ਹੈ। ਟਰੈਕਟ ਸ. ਨਰਾਇਣ ਸਿੰਘ ਦੀ ਅਗਵਾਈ ਹੇਠ ਪਹਿਲਾਂ ਦੀ ਤਰ੍ਹਾਂ ਛਪਦੇ ਰਹਿਣਗੇ ਅਤੇ ਕੁਝ ਟਰੈਕਟ ਹੋਰਾਂ ਦੇ ਲਿਖੇ ਹੋਏ ਵੀ ਛਾਪੇ ਜਾਣਗੇ।

ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਵਲੋਂ ਪਿਛਲੇ ਸਾਲ ਜੋ ਖੋਜ ਪੱਤਰਾਂ ਦਾ ਮੁਕਾਬਲਾ ਹੋਇਆ ਸੀ ਉਸ ਮੁਕਾਬਲੇ ਦੇ ਪਹਿਲੇ ਤਿੰਨ ਖੋਜ ਪੱਤਰ ਟਰੈਕਟ ਨੰ: 417, 418 ਅਤੇ 419 ਛੱਪ ਚੁੱਕੇ ਹਨ। ਇਸ ਤੋਂ ਇਲਾਵਾ ਜਿਹਨਾਂ ਖੋਜ ਪੱਤਰਾਂ ਨੂੰ ਵਿਸ਼ੇਸ਼ ਇਨਾਮ ਦਿਤੇ ਗਏ ਸਨ, ਮਿਸ਼ਨ ਨੇ ਫ਼ੈਸਲਾ ਕੀਤਾ ਹੈ ਕਿ ਉਹ ਵੀ ਟਰੈਕਟਾਂ ਦੀ ਸ਼ਕਲ ਵਿਚ ਛਾਪੇ ਜਾਣ। ਇਸ ਲਈ ਇਹ ਟਰੈਕਟ ਨੰ: 423 ਜੋ ਕਿ ਸ੍ਰੀਮਤੀ ਕੁਦਲੀਪ ਕੌਰ ਦਾ ਲਿਖਿਆ ਹੋਇਆ ਹੈ ਵੀ ਛਾਪਿਆ ਜਾ ਰਿਹਾ ਹੈ। ਲੇਖਿਕਾ ਨੇ ਬਾਬਾ ਦੀਪ ਸਿੰਘ ਦੀ ਜੀਵਨੀ ਤੇ ਇਹ ਖੋਜ ਪੱਤਰ ਲਿਖਿਆ ਹੈ ਜੋ ਕਿ ਬੜਾ ਅੱਛਾ ਲੇਖ ਹੈ।

ਸ. ਨਰਾਇਣ ਸਿੰਘ ਕੁਝ ਸਮੇਂ ਲਈ ਆਪਣੇ ਪੁਤਰ ਕੋਲ ਬਿਹਾਰ ਗਏ ਹੋਏ ਹਨ। ਇਸ ਲਈ ਹੁਣ ਪੱਤਰ ਵਿਹਾਰ ਲਈ ਮਿਸ਼ਨ ਦਾ ਪਤਾ ਨਿਮਨ ਲਿਖਤ ਹੈ :—

ਸ. ਰਾਜਦੇਵ ਸਿੰਘ ਐਡਵੋਕੇਟ
ਬਹੇੜਾ ਰੋਡ, ਪਟਿਆਲਾ

ਪ੍ਰਧਾਨ
ਗੁਰੂ ਨਾਨਕ ਦੇਵ ਮਿਸ਼ਨ
ਪਟਿਆਲਾ

ਬਾਬਾ ਦੀਪ ਸਿੰਘ

ਧਰਮ ਨੂੰ ਜੀਵਨ ਜਾਚ ਦੇ ਰੂਪ ਵਿਚ ਅਪਨਾਉਣ ਵਾਲੇ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਲਈ ਮਹਾਨ ਤਬਦੀਲੀ ਦਾ ਸਰੂਪ ਹੁੰਦੇ ਹਨ। ਇਸ ਕ੍ਰਾਂਤੀਕਾਰੀ ਤਬਦੀਲੀ ਨਾਲ ਉਹ ਪਰਾਭੌਤਿਕ ਸੰਸਾਰ ਵਿਚ ਸੱਚ ਦੇ ਰੂਬਰੂ ਡੱਟ ਖਲੋਂਦੇ ਹਨ। ਫਲਸਰੂਪ ਉਨ੍ਹਾਂ ਦੇ ਧਰ ਅੰਦਰ ਅਨੋਖੀ ਵਿਸ਼ਾਲਤਾ ਤੇ ਬ੍ਰਹਮੰਡੀ ਚੇਤੰਨਤਾ ਉਪਜਦੀ ਹੈ। ਉਹ ਆਪਣੇ ਸਦੀਵੀਂ ਸੱਚ ਦੇ ਅਧਾਰ ਤੇ ਹੀ ਸਥੂਲ ਸੰਸਾਰ ਨੂੰ ਵੇਖਣ ਦਾ ਯਤਨ ਕਰਦੇ ਹਨ। ਇਸੇ ਮਨੋਰਥ ਹਿਤ ਆਪਣੇ ਰਹਿਬਰਾਂ ਦੁਆਰਾ ਨਿਰਧਾਰਿਤ ਕਦਰਾਂ ਕੀਮਤਾਂ ਨੂੰ ਤੋੜਣ ਵਾਲਿਆਂ ਵਿਰੁੱਧ ਸੰਘਰਸ਼ ਕਰਦੇ ਹੋਏ ਸੱਚ ਉਤੇ ਪਹਿਰਾ ਦਿੰਦੇ ਹਨ ਤੇ ਇਹਨਾਂ ਹੀ ਕਦਰਾਂ ਦੀ ਬਹਾਲੀ ਤੇ ਬਰਕਰਾਰੀ ਲਈ ਆਪਣੇ ਜੀਵਨ ਦੀ ਆਹੂਤੀ ਤਕ ਦੇ ਜਾਂਦੇ ਹਨ। ਅਜਿਹੇ ਹੀ ਮਹਾਂਬਲੀਆਂ ਵਿਚੋਂ ਇਕ ਬਾਬਾ ਦੀਪ ਸਿੰਘ ਹਨ ਜਿਨ੍ਹਾਂ ਨੂੰ ਸ਼ਹੀਦ ਨਾਮ ਨਾਲ ਸਤਿਕਾਰਿਆ ਤੇ ਜਾਣਿਆ ਜਾਂਦਾ ਹੈ।

ਬਾਬਾ ਦੀਪ ਸਿੰਘ ਜੀ ਦੇ ਜਨਮ ਬਾਰੇ ਇਤਿਹਾਸਕਾਰਾਂ ਵਿਚ ਕਾਫੀ ਮਤਭੇਦ ਹੈ। ਮੋਹਨ ਸਿੰਘ ਅਨੁਸਾਰ ਆਪ ਦਾ ਜਨਮ 14 ਮਾਘ ਸੰਮਤ 1737 (ਜਨਵਰੀ 1682 ਈ.) ਨੂੰ ਮਾਤਾ ਜੀਉਣੀ ਦੀ ਕੁੱਖੋਂ ਪਿੰਡ ਪਹੂਵਿੰਡ ਜ਼ਿਲਾ ਅੰਮ੍ਰਿਤਸਰ ਵਿਖੇ ਭਾਈ ਭਗਤਾ ਦੇ ਘਰ ਹੋਇਆ। ਗਿ. ਨਰਿੰਜਨ ਸਿੰਘ ਅਨੁਸਾਰ ਆਪ ਦਾ ਜਨਮ ਭਾਈ ਭਗਤਾ ਜੀ ਸੰਧੂ ਜੱਟ ਦੇ ਘਰ 26 ਜਨਵਰੀ 1682 ਈ. ਤਥਾ 14 ਮਾਘ 1739 ਬਿਕਰਮੀ ਸੰਮਤ ਨੂੰ ਹੋਇਆ। ਇਹਨਾਂ ਦੁਆਰਾ ਦਸੀਆਂ ਗਈਆਂ ਤਾਰੀਖਾਂ ਵਿਚ ਸੰਮਤ ਦਾ ਹੀ ਫਰਕ ਹੈ। ਜਦੋਂ ਕਿ ਸੰਨ ਇਕ ਹੀ ਦਿੱਤੀ ਹੋਈ ਹੈ। ਇਨ੍ਹਾਂ ਦੋਹਾਂ ਵਿਚੋਂ ਗਿ. ਨਰਿੰਜਨ ਸਿੰਘ ਦੁਆਰਾ ਦਸੀ ਗਈ ਜਨਮ ਤਾਰੀਖ ਵਧੇਰੇ ਭਰੋਸੇ ਯੋਗ ਹੈ ਕਿਉਂਕਿ ਉਹਨਾਂ ਨੇ ਜਿਹੜੀ ਜਨਮ ਤਾਰੀਖ ਸੰਨ 1682 ਈ. ਲਿਖੀ ਹੈ ਤੇ ਜਿਸਨੂੰ ਮੋਹਨ ਸਿੰਘ ਵੀ ਮੰਨਦਾ ਹੈ, ਦੇ ਮੁਤਾਬਿਕ ਉਸ ਸਮੇਂ ਸੰਮਤ 1739 ਬਿ: ਹੀ ਬਣਦੀ ਹੈ। ਜਿਥੇ ਬਾਬਾ ਦੀਪ ਸਿੰਘ ਜੀ ਦੇ ਜਨਮ ਸਬੰਧੀ ਮਤਭੇਦ ਹਨ ਉਥੇ ਉਨ੍ਹਾਂ ਦੀ ਜਾਤ ਬਾਰੇ ਵੀ ਮਤਭੇਦ ਪਾਇਆ ਜਾਂਦਾ ਹੈ। ਗਿ. ਨਰਿੰਜਨ ਸਿੰਘ ਅਨੁਸਾਰ ਉਹ 'ਸੰਧੂ' ਜੱਟ ਸਨ ਪਰ ਕਾਹਨ ਸਿੰਘ ਨਾਭਾ ਨੇ ਮਹਾਨਕੋਸ਼ ਦੇ ਪੰਨਾ 638 ਤੇ ਲਿਖਿਆ ਹੈ ਕਿ ਉਹ ਖਹਿਰਾ ਗੋਤ ਦੇ ਜੱਟ ਸਨ ਜੋ ਕਿ ਵਧੇਰੇ ਪ੍ਰਮਾਣਿਕ ਹੈ।

ਗਿ. ਨਰਿੰਜਨ ਸਿੰਘ ਨੇ ਆਪ ਬਾਰੇ ਜੋ ਬੰਸਾਵਲੀ ਤਿਆਰ ਕੀਤੀ ਹੈ, ਉਸਨੂੰ ਬੰਸਾਵਲੀ ਭਾਈ ਭਗਤਾ ਕਿਹਾ ਹੈ ਤੇ ਇਹ ਇਸ ਪ੍ਰਕਾਰ ਹੈ :

ਪਿੰਡ ਪਹੂ ਵਿੰਡ ਵਿਚ (ਦੋ ਪੁੱਤਰ ਆਪ ਦੇ ਘਰ ਹੋਏ)

1. ਬਾਬਾ ਦੀਪ ਸਿੰਘ ਜੀ (ਜੋ ਕਿ ਸਾਰੀ ਉਮਰ ਜਤੀ ਰਹੇ)
2. ਭਾਈ ਲਾਲਾ ਜੀ

|
ਭਾਈ ਕਰਮ ਸਿੰਘ
|
ਭਾਈ ਗੁਲਾਬ ਸਿੰਘ (ਸ਼ੇਰੇ ਪੰਜਾਬ ਸ: ਰਣਜੀਤ ਸਿੰਘ ਜੀ ਦਾ ਮੁਖੀ ਜਰਨੈਲ)
|
ਭਾਈ ਆਲ੍ਹਾ ਸਿੰਘ ਜੀ (ਕਰਨਲ ਸਰਕਾਰ ਅੰਗਰੇਜ਼ੀ)
|
ਸ. ਕਿਸ਼ਨ ਸਿੰਘ ਜੀ
|
ਸ. ਗੁਰਬਖਸ਼ ਸਿੰਘ ਜੀ ਕੀ ਪਤੀ ਵਸਾਊ ਚਲੀ ਮੌਜੂਦਾ ਸੰਤਾਨ

| ਸ. ਗੁਰਵਰਿਆਮ ਸਿੰਘ | ਸ. ਗੁਰਦਾਤਾਰ ਸਿੰਘ ਜੀ | ਸ. ਗੁਰਮਹਿੰਦਰਪਾਲ ਸਿੰਘ ਜੀ ਸਵਰਗੀ |

ਬੀਬੀ ਮਹਿੰਦਰ ਕੌਰ ਸਪੁੱਤਰੀ ਸ. ਗੁਰਬਖਸ਼ ਸਿੰਘ ਸੰਧੂ ਜਿਨ੍ਹਾਂ ਦੀ ਸਰਪ੍ਰਸਤੀ ਵਿਚ ਗੁਰਦੁਆਰਾ ਜਨਮ ਸਥਾਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਸੁੰਦਰ ਇਮਾਰਤ ਦੀ ਸੇਵਾ ਚਾਲੂ ਹੈ ।

ਬਾਬਾ ਦੀਪ ਸਿੰਘ ਭਾਵੇਂ ਸਾਰੀ ਉਮਰ ਜਤੀ ਰਹੇ, ਉਹਨਾਂ ਦਾ ਨਾਮੋ ਨਿਸ਼ਾਨ ਯਾਦ ਰੱਖਣ ਲਈ ਕੋਈ ਸੰਤਾਨ ਨਹੀਂ ਸੀ ਪਰ ਫਿਰ ਵੀ ਉਹਨਾਂ ਦੀ ਕਰਨੀ ਤੇ ਕਥਨੀ ਦੀ ਅਮਿੱਟ ਛਾਪ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਮਨਾਂ ਉਪਰ ਉਕਰੀ ਰਹੇਗੀ ।

ਬਾਬਾ ਦੀਪ ਸਿੰਘ ਜੀ ਨੂੰ ਬਚਪਨ ਵਿਚ ਸਾਰੇ ਦੀਪਾ ਕਹਿ ਕੇ ਬੁਲਾਉਂਦੇ ਸਨ । ਉਹਨਾਂ ਦੇ ਮਾਤਾ-ਪਿਤਾ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ । ਪਿਤਾ ਪਾਸੋਂ ਗੁਰੂ ਘਰ ਦੀਆਂ ਸਾਖੀਆਂ ਸੁਣ ਕੇ ਦੀਪੇ ਦੇ ਬਾਲਮਨ ਉਪਰ ਬੜਾ ਡੂੰਘਾ ਅਸਰ ਹੋਇਆ । ਗੁਰਮੁੱਖੀ ਆਪਨੇ ਛੇਤੀ ਹੀ ਸਿੱਖ ਲਈ । ਅਰਬੀ ਤੇ ਫਾਰਸੀ ਭਾਸ਼ਾ ਦਾ ਗਿਆਨ ਆਪ ਨੇ ਆਨੰਦਪੁਰ ਵਿਖੇ ਗੁਰੂ ਦਰਬਾਰ ਵਿਚ ਰਹਿ ਕੇ ਹਾਸਲ ਕੀਤਾ । ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਸਾਜਣ ਤੋਂ ਅਗਲੇ ਹੀ ਸਾਲ ਸੰਨ 1700 ਈ.ਵਿਚ ਦੀਪਾ ਆਪਣੇ ਮਾਤਾ-ਪਿਤਾ ਸਮੇਤ ਵਿਸਾਖੀ ਨੂੰ ਅਨੰਦਪੁਰ ਵਿਖੇ ਗੁਰੂ ਦਰਸ਼ਨਾਂ ਲਈ ਪਹੁੰਚਿਆ । ਖਾਲਸਾ ਸਾਜਣ ਦੇ ਸਮੇਂ ਦਸ਼ਮੇਸ਼ ਪਿਤਾ ਦੁਆਰਾ ਕੀਤੇ ਕੌਤਕ ਦਾ ਦੀਪ ਸਿੰਘ ਤੇ ਬੜਾ ਪ੍ਰਭਾਵ ਪਿਆ ਸੀ । ਉਸ ਸਮੇਂ ਉਹਨਾਂ ਦੀ ਉਮਰ 18 ਕੁ ਸਾਲ ਦੀ ਸੀ । ਉਹ ਆਪਣੇ ਸਾਥੀਆਂ ਵਿਚੋਂ ਸਭ ਤੋਂ ਵੱਧ ਜੋਸ਼ੀਲਾ ਤੇ ਫੁਰਤੀਲਾ ਸੀ । ਆਨੰਦਪੁਰ ਵਿਖੇ ਰਹਿ ਕੇ ਗੁਰੂ ਘਰ ਦੀ ਮਾਣ ਮਰਿਯਾਦਾ, ਕੀਰਤਨ, ਕਥਾ, ਲੰਗਰ, ਸਿੰਘਾਂ ਦੀ ਬਹਾਦਰੀ ਵਾਲੀ ਵੇਸ਼ ਭੂਸ਼ਾ ਤੇ ਉਹਨਾਂ ਦੀ ਬਹਾਦਰੀ

ਦੇ ਕਰਤਬ ਵੇਖਕੇ ਆਪ ਦੇ ਮਨ ਵਿਚ ਵੀ ਉਹਨਾਂ ਵਰਗਾ ਬਣਨ ਦੀ ਇੱਛਾ ਪੈਦਾ ਹੋਈ। ਆਨੰਦਪੁਰ ਵਿਚ ਹੀ ਆਪ ਨੇ ਆਪਣੇ ਮਾਤਾ ਪਿਤਾ ਸਮੇਤ 1700 ਈ. ਨੂੰ ਅੰਮ੍ਰਿਤ ਛਕ ਲਿਆ ਤੇ ਆਪ ਦਾ ਨਾਂ ਭਾਈ ਦੀਪ ਸਿੰਘ ਹੋ ਗਿਆ।

ਬੇਦੀ ਲਾਲ ਸਿੰਘ ਸਾਹਿਤਕਾਰ ਦੇ ਅਨੁਸਾਰ ਬਾਬਾ ਦੀਪ ਸਿੰਘ ਨੇ ਬਾਬਾ ਨੌਧ ਸਿੰਘ 'ਸ਼ਹੀਦ' ਤੋਂ 1757 ਬਿਕਰਮੀ ਮੁਤਾਬਿਕ 1700 ਈ. ਨੂੰ ਅੰਮ੍ਰਿਤ ਛਕਿਆ ਜਦ ਕਿ 'ਅਨੋਖਾ ਸ਼ਹੀਦ' ਦੇ ਕਰਤਾ ਗਿਆਨੀ ਨਰਿੰਜਨ ਸਿੰਘ ਦਾ ਕਥਨ ਹੈ ਕਿ ਬਾਬਾ ਨੌਧ ਸਿੰਘ 'ਸ਼ਹੀਦ' ਤੇ ਬਾਬਾ ਦੀਪ ਸਿੰਘ ਸ਼ਹੀਦ ਨੇ ਇਕੱਠਿਆਂ ਅੰਮ੍ਰਿਤਪਾਨ ਕੀਤਾ।

ਆਨੰਦਪੁਰ ਵਿਖੇ ਰਹਿੰਦਿਆਂ ਆਪ ਗੁਰਬਾਣੀ ਪਚਨ-ਪਾਚਨ ਦੇ ਕਾਰਜ ਤੋਂ ਇਲਾਵਾ ਲੰਗਰ, ਝਾੜੂ ਤੇ ਹੋਰ ਕਈ ਪ੍ਰਕਾਰ ਦੀ ਸੇਵਾ ਵਿਚ ਰੁੱਝੇ ਰਹੇ। ਹੱਥੀਂ ਸੇਵਾ ਕਰਨ ਤੇ ਗੁਰਬਾਣੀ ਪੜ੍ਹਨ ਨਾਲ ਆਪ ਦਾ ਮਨ ਸ਼ੁੱਧ ਹੋ ਗਿਆ। ਪ੍ਰੋ. ਪ੍ਰਕਾਸ਼ ਸਿੰਘ ਦੇ ਅਨੁਸਾਰ ਭਾਈ ਭਗਤ ਸਿੰਘ ਦੇ ਮਾਤਾ ਜੀਉਣ ਕੌਰ ਆਨੰਦਪੁਰ ਵਿਖੇ ਤਿੰਨ ਮਹੀਨੇ ਤੇ 11 ਦਿਨ ਰਹਿ ਕੇ ਵਾਪਸ ਆਪਣੇ ਪਿੰਡ ਪਹੂਵਿੰਡ ਵਿਖੇ ਆ ਗਏ। ਦੀਪ ਸਿੰਘ ਗੁਰੂ ਜੀ ਦਾ ਹੁਕਮ ਮੰਨ ਕੇ ਤੇ ਮਾਤਾ ਪਿਤਾ ਤੋਂ ਆਗਿਆ ਲੈ ਕੇ ਆਨੰਦਪੁਰ ਹੀ ਰਹਿ ਪਏ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਦੀਪ ਸਿੰਘ ਨੂੰ ਆਪਣੇ ਪਾਸ ਰੱਖ ਲਿਆ ਤੇ ਕਿਹਾ ਕਿ ਇਹ ਇਥੇ ਰਹਿ ਕੇ ਕੋਈ ਹੋਰ ਦੀਪਕ ਜਗਾਏਗਾ।

ਬੇਦੀ ਲਾਲ ਸਿੰਘ ਨੇ ਬਾਬਾ ਦੀਪ ਸਿੰਘ ਦੇ ਨਾਮ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਕਿਹਾ ਹੈ ਕਿ ਉਹ ਸਚਮੁੱਚ ਹੀ 'ਇਸਮ-ਬਾ-ਮੁਸੱਮਾ' ਸਨ। ਭਾਵ ਜਿਹੋ ਜਿਹਾ ਉਨ੍ਹਾਂ ਦਾ ਨਾਂ ਸੀ, ਉਹ ਉਹੋ ਜਿਹੇ ਹੀ ਸਨ। ਦ੍ਵੀਪ-ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਪੰਜਾਬੀ ਰੂਪ ਵਿਚ ਇਸਨੂੰ ਦੀਪ ਜਾਂ ਦੀਵਾ ਕਿਹਾ ਜਾਂਦਾ ਹੈ ਜਿਹੜਾ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ। ਬਾਬਾ ਦੀਪ ਸਿੰਘ ਜੀ ਨੇ ਸੱਚਮੁਚ ਹੀ ਆਪਣੀ ਸਾਰੀ ਜ਼ਿੰਦਗੀ ਲੋਕਾਂ ਨੂੰ ਰੱਬੀ ਗੁਰਬਾਣੀ ਦਾ ਚਾਨਣ ਵੰਡਦਿਆਂ ਬਤੀਤ ਕਰ ਦਿੱਤੀ।

ਆਨੰਦਪੁਰ ਵਿਚ ਰਹਿੰਦਿਆਂ ਆਪ ਨੇ ਸ਼ਾਸਤਰ ਤੇ ਸ਼ਸਤਰ ਵਿਦਿਆ ਵਿਚ ਨਿਪੁੰਨਤਾ ਹਾਸਲ ਕਰ ਲਈ। ਭਾਈ ਮਨੀ ਸਿੰਘ ਜੀ ਪਾਸੋਂ ਆਪ ਗੁਰਬਾਣੀ ਦੇ ਅਰਥ ਸਮਝਦੇ ਤੇ ਕੰਠ ਕਰਦੇ। ਇਸ ਦੇ ਨਾਲ ਹੀ ਨੇਜ਼ਾ, ਘੋੜ ਸਵਾਰੀ, ਤਲਵਾਰ ਚਲਾਉਣੀ, ਗਤਕੇਬਾਜ਼ੀ ਵਿਚ ਵੀ ਆਪ ਨੇ ਚੰਗੀ ਮੁਹਾਰਤ ਹਾਸਲ ਕਰ ਲਈ। ਵਿਹਲੇ ਸਮੇਂ ਦੀਪ ਸਿੰਘ ਲੰਗਰ ਵਿਚ ਸੇਵਾ ਕਰਦੇ। ਬਾਬਾ ਦੀਪ ਸਿੰਘ ਵਿਚ ਸੇਵਾ ਤੇ ਸਿਮਰਨ ਦੀ ਲਗਨ ਨੂੰ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੂੰ ਹਜ਼ੂਰੀ ਸਿੱਖਾਂ ਵਿਚ ਸ਼ਾਮਲ ਕਰ ਲਿਆ ਜੋ ਕਿ ਹਰ ਵੇਲੇ ਗੁਰੂ ਜੀ ਦੇ ਹਜ਼ੂਰ ਹਾਜ਼ਰ ਰਹਿੰਦੇ ਸਨ। ਆਪਣੇ ਸ਼ੀਤਲ ਗੁਰਮੁੱਖ ਸੁਭਾ ਕਾਰਨ ਭਾਈ ਦੀਪ ਸਿੰਘ ਜੀ ਨੇ ਹਜ਼ੂਰੀ ਸਿੱਖਾਂ ਵਿਚ ਵੀ ਆਪਣੀ ਆਦਰ ਵਾਲੀ ਥਾਂ ਬਣਾ

ਲਈ। ਸਾਰੇ ਆਪ ਦਾ ਆਦਰ ਕਰਦੇ ਤੇ ਆਪ ਦੀ ਹਰ ਸਲਾਹ ਨੂੰ ਮੰਨਦੇ। ਗੁਰੂ ਜੀ ਦਾ ਭਾਈ ਦੀਪ ਸਿੰਘ ਨਾਲ ਇੰਨਾ ਪ੍ਰੇਮ ਵੱਧਿਆ ਕਿ ਸ਼ਿਕਾਰ ਖੇਡਣ ਵੇਲੇ ਆਪ ਨੂੰ ਨਾਲ ਲੈ ਕੇ ਜਾਂਦੇ। ਪ੍ਰੋ. ਪ੍ਰਕਾਸ਼ ਸਿੰਘ ਦੇ ਅਨੁਸਾਰ ਗੁਰੂ ਜੀ ਦੀ ਸੰਗਤ ਕਾਰਣ ਆਪ ਨੂੰ ਸ਼ੇਰ ਮਾਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। 20-22 ਸਾਲ ਦੀ ਉਮਰ ਵਿਚ ਹੀ ਬਾਬਾ ਜੀ ਸਿਆਣੇ ਵਿਦਵਾਨ ਤੇ ਸੂਰਵੀਰ ਸੈਨਿਕ ਬਣ ਗਏ। ਸੰਮਤ 1757 ਬਿ. ਤੋਂ 1762 ਬਿ. ਤੱਕ ਤਕਰੀਬਨ ਪੰਜ ਸਾਲ ਆਪ ਗੁਰੂ ਜੀ ਪਾਸ ਰਹੇ। ਅਨੰਦਪੁਰ ਦੀਆਂ ਸਾਰੀਆਂ ਲੜਾਈਆਂ ਵਿਚ ਭਾਈ ਦੀਪ ਸਿੰਘ ਜੀ ਨੇ ਬੜੀ ਸੂਰਬੀਰਤਾ ਦਿਖਾਈ ਤੇ ਗੁਰੂ ਜੀ ਦਾ ਪੂਰਾ-ਪੂਰਾ ਸਾਥ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਸੌਹਾਂ ਤੇ ਇਤਬਾਰ ਕਰਕੇ ਜਦੋਂ 6 ਪੋਹ 1762 ਬਿਕਰਮੀ ਦੀ ਠੰਡੀ ਰਾਤ ਨੂੰ ਕਿਲ੍ਹਾ ਆਨੰਦਪੁਰ ਛਡਿਆ ਤਾਂ ਆਪਣੇ ਮਹਿਲਾ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ, ਦੀ ਸੇਵਾ ਸੰਭਾਲ ਲਈ ਭਾਈ ਮਨੀ ਸਿੰਘ, ਭਾਈ ਦੀਪ ਸਿੰਘ, ਭਾਈ ਧੰਨਾ ਸਿੰਘ ਤੇ ਭਾਈ ਜਵਾਹਰ ਸਿੰਘ ਨੂੰ ਮੁਖੀ ਬਣਾ ਕੇ ਦੋ ਦਾਸੀਆਂ ਸਮੇਤ ਦਿੱਲੀ ਵਲ ਤੋਰਿਆ। ਕੁੱਝ ਸਮਾਂ ਦਿੱਲੀ ਵਿਚ ਭਾਈ ਜਵਾਹਰ ਸਿੰਘ ਦੇ ਘਰ ਰਹਿ ਕੇ ਮਾਤਾ ਜੀ ਤੋਂ ਖੁਸ਼ੀਆਂ ਲੈ ਕੇ ਭਾਈ ਦੀਪ ਸਿੰਘ ਆਪਣੇ ਪਿੰਡ ਪਹੂ ਵਿੰਡ ਵਿਖੇ ਆ ਗਏ। ਦੋਵੇਂ ਵੇਲੇ ਗੁਰਬਾਣੀ ਦੀ ਕਥਾ ਭਾਈ ਦੀਪ ਸਿੰਘ ਜੀ ਸੰਗਤਾਂ ਨੂੰ ਸੁਣਾਉਂਦੇ ਤੇ ਕੀਰਤਨ ਦਾ ਪ੍ਰਵਾਹ ਚਲਦਾ।

ਉਧਰ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੇ ਯੁੱਧ ਮਗਰੋਂ ਦਮਦਮੇ ਸਾਹਿਬ ਸਾਬੋ ਕੀ ਤਲਵੰਡੀ ਜਿਲ੍ਹਾ ਬਠਿੰਡਾ ਵਿਖੇ ਮਾਘ 1762 ਬਿਕਰਮੀ ਮੁਤਾਬਿਕ 1704 ਈ: ਨੂੰ ਪੁੱਜੇ। ਗੁਰੂ ਜੀ ਨੌਵੀਂ ਪਾਤਸ਼ਾਹ ਦੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਲਈ ਸੰਗਤਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਧੀਰਮਲ ਨੇ ਆਦਿ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਗੁਰੂ ਜੀ ਨੇ ਇਕ ਨਵੀਂ ਬੀੜ ਲਿਖਣ ਦਾ ਫੈਸਲਾ ਕੀਤਾ। ਭਾਈ ਮਨੀ ਸਿੰਘ ਜੀ ਵੀ ਦਿੱਲੀ ਤੋਂ ਪਹੁੰਚ ਗਏ। ਭਾਈ ਮਨੀ ਸਿੰਘ ਦੇ ਕਹਿਣ ਤੇ ਗੁਰੂ ਜੀ ਨੇ ਭਾਈ ਦੀਪ ਸਿੰਘ ਨੂੰ ਦਮਦਮੇ ਸਾਹਿਬ ਬੁਲਾ ਭੇਜਿਆ। ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਗੁਰਬਾਣੀ ਲਿਖਣ ਤੇ ਭਾਈ ਦੀਪ ਸਿੰਘ ਜੀ ਨੂੰ ਕਾਗਜ਼ ਕਲਮਾਂ ਦੀ ਸੇਵਾ ਸੌਂਪੀ। ਸੰਮਤ 1762 ਬਿਕਰਮੀ (1705 ਈ:) ਦੀ ਸਰਦ ਰੁੱਤ ਖਤਮ ਹੋਣ ਪਿਛੋਂ ਜਦੋਂ ਬਸੰਤ ਰੁੱਤ ਦਾ ਖੇੜਾ ਸ਼ੁਰੂ ਹੋਇਆ ਤਾਂ ਗੁਰੂ ਜੀ ਨੇ ਤੰਬੂ ਲਗਾ ਕੇ ਬੀੜ ਲਿਖਣ ਦਾ ਕੰਮ ਆਰੰਭ ਕਰ ਦਿੱਤਾ। ਗੁਰੂ ਜੀ ਲਿਖਵਾਉਂਦੇ ਜਾਂਦੇ, ਭਾਈ ਮਨੀ ਸਿੰਘ ਜੀ ਲਿਖਦੇ ਤੇ ਭਾਈ ਦੀਪ ਸਿੰਘ ਜੀ ਕਾਗਜ਼ ਕਲਮਾਂ ਦੀ ਸੇਵਾ ਬੜੇ ਪ੍ਰੇਮ ਨਾਲ ਨਿਭਾਉਂਦੇ।

ਆਦਿ ਬੀੜ ਵਿਚ ਰਾਗਾਂ ਦੇ ਅਧਾਰ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 115 ਸਲੋਕ ਤੇ ਸ਼ਬਦ ਸ਼ਾਮਿਲ ਕੀਤੇ ਗਏ। ਪਹਿਲੀ ਬੀੜ ਵਿਚ 30 ਰਾਗ ਅੰਕਿਤ ਸਨ

ਪਰ ਇਸ ਬੀੜ ਵਿਚ ਇਕ ਹੋਰ ਰਾਗ ਜੈਜਾਵੰਤੀ ਦਾ ਵਾਧਾ ਹੋਇਆ, ਜਿਸਦੇ ਫਲਸਰੂਪ ਦਮਦਮੀ ਬੀੜ ਵਿਚ 31 ਰਾਗ ਹੋ ਗਏ। ਬੀੜ ਦੇ ਤਿਆਰ ਹੋਣ ਤੇ ਕਲਗੀਧਰ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਗਿਆਨੀ ਨਰਿੰਜਨ ਸਿੰਘ ਅਨੁਸਾਰ ਇਸ ਬੀੜ ਨੂੰ ਲਿਖਣ ਵਿਚ ਨੌ ਮਹੀਨੇ ਨੌ ਦਿਨ ਤੇ ਨੌ ਘੜੀਆਂ ਦਾ ਸਮਾ ਲੱਗਾ। ਗਿਆਨੀ ਹਜ਼ਾਰਾ ਸਿੰਘ ਨੇ ਆਪਣੀ ਪੁਸਤਕ 'ਗੁਰਮੁੱਖਿ ਗੁਰਮਤਿ ਕਹਾਣੀਆਂ' ਵਿਚ ਬੀੜ ਮੁਕੰਮਲ ਹੋਣ ਦਾ ਸਮਾਂ 49 ਘੰਟੇ (16 ਪਹਿਰ) ਦੱਸਿਆ ਹੈ। ਪ੍ਰੋ. ਪ੍ਰਕਾਸ਼ ਸਿੰਘ ਅਨੁਸਾਰ ਇਹ ਬੀੜ ਨੌ-ਦਸ ਮਹੀਨਿਆਂ ਵਿਚ ਮੁਕੰਮਲ ਹੋ ਗਈ। ਇਸ ਤਰ੍ਹਾਂ ਬੀੜ ਲਿਖਣ ਦਾ ਸਹੀ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ।

ਪਹਿਲੀ ਬੀੜ ਨਾਲੋਂ ਇਸ ਬੀੜ ਵਿਚ ਫਰਕ ਸਬੰਧੀ ਦਸਦੇ ਹੋਏ ਗਿਆਨੀ ਨਰਿੰਜਨ ਸਿੰਘ ਨੇ ਲਿਖਿਆ ਹੈ ਕਿ ਇਕ ਤੁਕ 'ਕਹੁ ਕਬੀਰ ਜਨ ਭਏ ਖਲਾਸੇ' ਦਾ ਇਕ ਸ਼ਬਦ ਖਲਾਸੇ ਦੀ ਥਾਂ 'ਖਾਲਸੇ' ਗੁਰੂ ਜੀ ਨੇ ਲਿਖਵਾ ਦਿੱਤਾ। ਤਵਾਰੀਖ ਗੁਰੂ ਖਾਲਸਾ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਅਨੁਸਾਰ "ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੇਵਲ ਪੰਜ ਸੱਤ ਜਗਾਂ ਅੱਖਰਾਂ ਦਾ ਤੇ ਕਿੰਚਤ ਪਾਠ ਦਾ ਫਰਕ ਹੈ ਸੋ ਭੀ ਜਾਣ-ਬੁੱਝ ਕੇ ਰਖਯਾ ਹੈ। ਹੋਰ ਕੋਈ ਨਹੀਂ।" ਜਦੋਂ ਬੀੜ ਲਿਖੀ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਤੇ ਭਾਈ ਦੀਪ ਸਿੰਘ ਜੀ ਨੂੰ ਸੰਗਤ ਵਿਚ ਸਨਮਾਨਿਤ ਕੀਤਾ। ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਸਮ ਗੁਰੂ ਰਚਿਤ ਖਾਲਸੇ ਦੇ ਦਲ ਵਿਚ ਰਿਹਾ ਕਰਦੀ ਸੀ। ਜਦ ਵੱਡਾ ਘਲੂਘਾਰਾ ਹੋਇਆ ਤਾਂ ਅਹਿਮਦ ਸ਼ਾਹ ਦੁਰਾਨੀ ਲੈ ਗਿਆ। ਹੁਣ ਉਹ ਕਾਬਲ ਵਿਚ ਹੈ। ਜਿਥੇ ਪੁੰਨਿਆਂ ਵਾਲੇ ਦਿਨ ਉਸਦੇ ਦਰਸ਼ਨ ਕਰਾਏ ਜਾਂਦੇ ਹਨ। ਇਸ ਬੀੜ ਦੀ ਇਤਿਹਾਸਿਕ ਮਹਾਨਤਾ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਜਿਸ ਤੰਬੂ ਵਿਚ ਇਹ ਪਵਿਤਰ ਬੀੜ ਲਿਖਵਾਈ ਗਈ, ਉਸ ਥਾਂ ਹੁਣ ਸਰੋਵਰ ਦੇ ਕੰਢੇ ਗੁਰਦੁਆਰਾ ਲਿਖਣਸਰ ਸੁਸ਼ੋਭਿਤ ਹੈ। ਯਾਤਰੂ ਉਥੇ ਜਾ ਕੇ ਪੰਕਤੀ ਲਿਖ ਕੇ ਆਪਣੀ ਹਾਜ਼ਰੀ ਲਵਾਉਂਦੇ ਹਨ। ਗੁਰੂ ਜੀ ਨੇ ਇਸ ਥਾਂ ਨੂੰ ਗੁਰੂ ਕੀ ਕਾਂਸੀ ਦਾ ਖਿਤਾਬ ਦੇ ਕੇ ਇਹ ਵਰ ਦਿੱਤਾ ਕਿ ਇਥੋਂ ਗੂੰਗੇ ਤੇ ਮੂਰਖ ਵੀ ਵਿਦਿਆ ਪ੍ਰਾਪਤ ਕਰਕੇ ਵਿਦਵਾਨ ਬਣਨਗੇ।

ਦਸ਼ਮੇਸ਼ ਪਿਤਾ ਜਦੋਂ ਦਮਦਮਾ ਸਾਹਿਬ ਤੋਂ ਦੱਖਣ ਵਲ ਜਾਣ ਲੱਗੇ ਤਾਂ ਇਸ ਸਥਾਨ ਦੀ ਸੇਵਾ ਭਾਈ ਦੀਪ ਜੀ ਦੇ ਜ਼ਿੰਮੇ ਆਈ। ਗੁਰੂ ਜੀ ਨੇ ਨਾਲ ਹੀ ਭਾਈ ਦੀਪ ਸਿੰਘ ਜੀ ਨੂੰ ਹੁਕਮ ਦਿੱਤਾ ਕਿ ਆਪ ਗੁਰੂ ਘਰ ਦੇ ਸ਼ਰਧਾਲੂ ਹੋ। ਇਥੇ ਰਹਿ ਕੇ ਇਹ ਮਰਿਯਾਦਾ ਪ੍ਰਚੱਲਤ ਕਰਨੀ।

1. ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਉਣੀ।
2. ਅੰਮ੍ਰਿਤ ਛਕਾ ਕੇ ਰਹਿਤ ਮਰਿਯਾਦਾ ਵਿਚ ਦ੍ਰਿੜ ਕਰਨਾ।

3. ਗੁਰਮਤਿ ਅਨੁਸਾਰ ਗੁਰਬਾਣੀ ਤੇ ਗੁਰ ਇਤਿਹਾਸ ਦਾ ਪ੍ਰਚਾਰ ਕਰਨਾ।
4. ਹਰ ਔਕੜ ਸਮੇਂ ਪੰਥ ਦਾ ਸਾਥ ਦੇਣਾ।
5. ਆਦਿ ਬੀੜਾਂ ਲਿਖ ਕੇ ਗੁਰਬਾਣੀ ਦੇ ਸੋਮੇ ਨੂੰ ਪ੍ਰਫੁਲਤ ਕਰਨਾ।

ਭਾਈ ਦੀਪ ਸਿੰਘ ਦਮਦਮੇ ਸਾਹਿਬ ਵਿਖੇ ਰਹਿ ਕੇ ਗੁਰਬਾਣੀ ਦਾ ਪ੍ਰਚਾਰ ਕਰਨ ਲੱਗੇ। ਉਹ ਆਪਣੇ ਹੱਥੀਂ ਗੁਰਬਾਣੀ ਦੇ ਗੁਟਕੇ ਲਿਖ ਕੇ ਸੰਗਤਾਂ ਨੂੰ ਦਿੰਦੇ। ਇਥੇ ਰਹਿੰਦਿਆਂ ਹੀ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਬੀੜਾਂ ਦੇ ਉਤਾਰੇ ਆਪਣੇ ਹੱਥੀਂ ਕੀਤੇ ਤੇ ਚੌਹਾਂ ਤਖਤਾਂ ਉਪਰ ਭੇਜੇ। ਇਹ ਬੀੜਾਂ ਲਿਖ ਕੇ ਆਪ ਨੇ ਪੰਥ ਦੀ ਮਹਾਨ ਸੇਵਾ ਕੀਤੀ। 'ਅਨੋਖਾ ਸ਼ਹੀਦ' ਦੇ ਲੇਖਕ ਅਨੁਸਾਰ ਬੀੜਾਂ ਦੇ ਉਤਾਰੇ ਕਰਨ ਦੀ ਸੇਵਾ 1 ਮਾਘ 1763 ਬਿਕਰਮੀ ਨੂੰ ਆਰੰਭ ਕੀਤੀ ਪਰੰਤੂ ਮੋਹਨ ਸਿੰਘ ਦੇ ਕਥਨ ਅਨੁਸਾਰ ਆਪ ਨੇ ਇਹ ਸੇਵਾ ਕਾਰਜ ਉਦੋਂ ਆਰੰਭਿਆ, ਜਦੋਂ ਉਹ ਬੰਦਾ ਬਹਾਦਰ ਨਾਲੋਂ ਅੱਡ ਹੋ ਗਏ। ਉਨ੍ਹਾਂ ਅਨੁਸਾਰ ਇਹ ਸਮਾਂ 1715 ਤੋਂ 1728 ਈ. ਦੇ ਦਰਮਿਆਨ ਦਾ ਹੈ। ਭਾਈ ਦੀਪ ਸਿੰਘ ਦੁਆਰਾ ਤਿਆਰ ਕੀਤੀਆਂ ਗਈਆਂ ਬੀੜਾਂ ਹੇਠ ਲਿਖੇ ਤਖਤਾਂ ਉਪਰ ਭੇਜੀਆਂ ਗਈਆਂ।

ਪਹਿਲੀ ਬੀੜ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਭੇਜੀ। ਇਸ ਬੀੜ ਨੂੰ ਦਰਸ਼ਨੀ ਬੀੜ ਕਿਹਾ ਜਾਂਦਾ ਹੈ। ਇਸ ਉਪਰ ਦੋ ਸੇਰ ਸੋਨਾ ਲੱਗਾ ਹੋਇਆ ਹੈ। ਆਪ ਦੀ ਲਿਖਾਈ ਇੰਜ ਲਗਦੀ ਹੈ ਜਿਵੇਂ ਕਿਸੇ ਨੇ ਸੁਚੱਜੇ ਢੰਗ ਨਾਲ ਸੁਨਹਿਰੀ ਮੋਤੀ ਜੜੇ ਹੁੰਦੇ ਹਨ। ਇਸ ਬੀੜ ਦੇ ਵੱਖ-ਵੱਖ ਗੁਰਪੁਰਬਾਂ ਸਮੇਂ ਦਰਸ਼ਨ ਕਰਾਏ ਜਾਂਦੇ ਹਨ।

ਦੂਜੀ ਬੀੜ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ (ਪੰਜਾਬ) ਵਿਖੇ ਭੇਜੀ ਗਈ।

ਤੀਜੀ ਬੀੜ ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਭੇਜੀ ਗਈ।

ਚੌਥੀ ਬੀੜ ਤਖਤ ਸ੍ਰੀ ਅਬਚਲ ਨਗਰ ਨੰਦੇੜ (ਮਹਾਰਾਸ਼ਟਰ) ਵਿਖੇ ਭੇਜੀ ਗਈ।

ਬਾਬਾ ਦੀਪ ਸਿੰਘ ਜੀ ਨੇ ਗੁਰਮੁੱਖੀ ਵਿਚ ਬੀੜਾਂ ਲਿਖਣ ਤੋਂ ਇਲਾਵਾ ਅਰਬੀ ਭਾਸ਼ਾ ਵਿਚ ਵੀ ਇਕ ਬੀੜ ਲਿਖੀ। ਗਿ: ਨਰਿੰਜਨ ਸਿੰਘ ਨੇ ਕਿਰਪਾਲ ਸਿੰਘ ਆਰਟਿਸਟ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ :

ਭਾਈ ਦੀਪ ਸਿੰਘ ਸਭ ਤੋਂ ਪਹਿਲੇ ਪੰਥ ਦੇ ਪ੍ਰਸਿਧ ਵਿਦਵਾਨ ਤੇ ਲਿਖਾਰੀ ਸਨ, ਜਿਨ੍ਹਾਂ ਅਰਬੀ ਜ਼ਬਾਨ ਵਿਚ ਇਕ ਬੀੜ ਆਪਣੇ ਹੱਥੀਂ ਬੀੜ ਸ਼ਰਧਾ ਤੇ ਪਿਆਰ ਨਾਲ ਲਿਖਕੇ ਪੂਰਨ ਸਤਿਕਾਰ ਸਹਿਤ ਅਰਬ ਦੇਸ਼ ਵਿਚ ਭੇਜੀ ਸੀ। ਇਸ ਲਈ ਇਸਲਾਮੀ ਮੱਤ ਵਿਚ ਬਾਬਾ ਨਾਨਕ ਦੇਵ ਜੀ ਦੀ ਬਾਣੀ ਦਾ ਪਰਚਾਰ ਹੁਣ ਭੀ ਪ੍ਰਚਲਤ ਹੈ। ਅਰਬ ਦੇ ਵਸਨੀਕ ਉਸ ਬੀੜ ਤੇ ਪੂਰਨ ਭਰੋਸਾ ਤੇ ਸ਼ਰਧਾ ਰਖ ਕੇ ਦਰਸ਼ਨ ਕਰਦੇ ਹਨ ਤੇ ਮਨ ਬਾਂਛਤ ਫਲ ਪ੍ਰਾਪਤ ਕਰਦੇ ਹਨ।

ਇਹ ਭਾਈ ਦੀਪ ਸਿੰਘ ਜੀ ਦੀ ਉਤਮ ਦੇਣ ਸਾਂਝੀਵਾਲਤਾ ਲਈ ਪ੍ਰਸਿੱਧ ਹੈ।

ਦਮਦਮੇ ਸਾਹਿਬ ਰਹਿੰਦਿਆਂ ਆਪਨੇ ਦਸਮ ਪਿਤਾ ਜੀ ਦੀ ਬਾਣੀ ਨੂੰ ਇਕੱਤਰ ਕਰਨ ਦਾ ਵੀ ਉੱਦਮ ਕੀਤਾ। ਉਨ੍ਹਾਂ ਨੂੰ ਜੋ ਬਾਣੀ ਮਿਲੀ, ਇਕ ਸੈਂਚੀ ਵਿਚ ਇਕੱਠੀ ਕਰਕੇ ਸ੍ਰੀ ਦਸਮ ਗ੍ਰੰਥ ਦੀ ਬੀੜ ਤਿਆਰ ਕਰ ਦਿੱਤੀ। ਕਰਮ ਸਿੰਘ ਹਿਸਟੋਰੀਅਨ ਅਨੁਸਾਰ ਜਦੋਂ ਆਪ ਨੇ ਇਸ ਵਿਚਲੀ ਇਕ ਤੁਕ

'ਮਿਤਰ ਪਿਆਰੇ ਨੂੰ 'ਹਾਲ ਫ਼ਕੀਰਾਂ ਦਾ ਕਹਿਣਾ' ਪੜ੍ਹਿਆ ਤਾਂ ਸੋਚਿਆ ਕਿ ਸਿੱਖੀ ਵਿਚ ਫਕੀਰੀ ਤਾਂ ਆਈ ਹੀ ਨਹੀਂ, ਮੁਰੀਦੀ ਜ਼ਰੂਰ ਆਈ ਹੈ। ਆਪ ਨੇ ਸੰਗਤ ਅੱਗੇ ਇਸ ਤੁਕ ਸਬੰਧੀ ਵਿਚਾਰ ਵਟਾਂਦਰਾ ਕੀਤਾ ਤੇ ਤੁਕ ਨੂੰ ਬਦਲ ਕੇ 'ਹਾਲ ਮੁਰੀਦਾਂ' ਦਾ ਕਹਿਣਾ ਲਿਖਣ ਲਈ ਸੁਝਾਉ ਪੇਸ਼ ਕੀਤਾ। ਸੰਗਤ ਨੇ ਕਿਹਾ ਕਿ ਗੁਰੂ ਜੀ ਦੀ ਬਾਣੀ ਨੂੰ ਜੇ ਬਦਲਣਾ ਹੈ ਤਾਂ ਸੀਸ ਦੇ ਕੇ ਬਦਲੋ। ਆਪ ਨੇ ਕਿਹਾ ਜਿਥੇ ਪੰਥ ਦਾ ਹੁਕਮ ਹੋਵੇਗਾ ਆਪਣਾ ਸਿਰ ਲਾ ਦੇਵਾਂਗੇ। ਇਸ ਤਰ੍ਹਾਂ ਆਪ ਨੇ ਸ਼ਬਦ ਵੀ ਵਰਤ ਲਿਆ ਤੇ ਸੀਸ ਵੀ ਵਾਰ ਕੇ ਵਿਖਾ ਦਿੱਤਾ। ਗੁਰੂ ਜੀ ਦੀ ਬਾਣੀ ਦਾ ਕੋਈ ਇਕ ਅੱਖਰ ਵੀ ਨਹੀਂ ਬਦਲ ਸਕਿਆ ਪਰ ਬਾਬਾ ਦੀਪ ਸਿੰਘ ਨੇ ਆਪਣਾ ਸੀਸ ਪੰਥ ਦੇ ਲੇਖੇ ਲਾ ਕੇ ਤੁੱਕ ਬਦਲ ਦਿੱਤੀ।

ਇਹ ਤੁਕ 1814 ਬਿਕਰਮੀ ਵਿਚ ਬਦਲੀ ਗਈ। ਆਪਣਾ ਸੀਸ ਪੰਥ ਦੇ ਲੇਖੇ ਲਾਉਣ ਕਰਕੇ ਆਪ ਨੂੰ ਜ਼ਿੰਦਾ ਸ਼ਹੀਦ ਦੀ ਪਦਵੀ ਮਿਲੀ। ਉਸ ਸਮੇਂ ਤੋਂ ਹੀ ਆਪ ਨੂੰ ਬਾਬਾ ਦੀਪ ਸਿੰਘ ਸ਼ਹੀਦ ਆਖਿਆ ਜਾਣ ਲੱਗਾ। ਕਈ ਇਤਿਹਾਸਕਾਰਾਂ ਅਨੁਸਾਰ ਆਪ ਨੂੰ ਇਹ ਉਪਾਧੀ 1765 ਬਿ. ਵਿਚ ਉਸ ਸਮੇਂ ਮਿਲੀ ਜਦੋਂ ਆਪ ਨੇ ਬੰਦਾ ਬਹਾਦਰ ਦਾ ਲੜਾਈਆਂ ਵਿਚ ਸਾਥ ਦਿੱਤਾ ਤੇ ਬੰਦਾ ਬਹਾਦਰ ਨੇ ਸੰਗਤ ਵਿਚ ਆਪ ਦੀ ਪ੍ਰਸ਼ੰਸਾ ਕਰਦਿਆਂ 'ਜ਼ਿੰਦਾ ਸ਼ਹੀਦ' ਦੀ ਉਪਾਧੀ ਨਾਲ ਸਨਮਾਨਿਆ।

1706 ਈ. ਨੂੰ ਵਿਸਾਖੀ ਵਾਲੇ ਦਿਨ ਸੰਗਤਾਂ ਨੇ ਪਾਣੀ ਦੀ ਥੁੜ ਮਹਿਸੂਸ ਕਰਦਿਆਂ ਖੂਹ ਲਗਵਾਉਣ ਦੀ ਬੇਨਤੀ ਕੀਤੀ। ਬਾਬਾ ਜੀ ਨੇ ਵਿਸਾਖੀ ਵਾਲੇ ਦਿਨ ਹੀ ਖੂਹ ਲਗਾਉਣ ਲਈ ਟੱਕ ਲਾਇਆ। ਬਾਬਾ ਜੀ ਨੇ ਸਾਰੀ ਸੰਗਤ ਸਮੇਤ ਸੇਵਾ ਕਰਕੇ ਖੂਹ ਪੁਟਿਆ ਤੇ ਪੱਕਾ ਕੀਤਾ। ਇਸ ਕਾਰਣ ਇਲਾਕੇ ਵਿਚ ਆਪ ਦਾ ਭਾਰੀ ਜੱਸ ਹੋਇਆ। ਕੁਝ ਚਿਰ ਮਗਰੋਂ ਹੀ ਗੁਰਦੁਆਰੇ ਨੂੰ ਵੱਡਾ ਤੇ ਪੱਕਾ ਬਣਾਉਣ ਦੀ ਯੋਜਨਾ ਬਣਾਈ ਗਈ। ਇਸ ਕੰਮ ਲਈ ਗੁਰਦੁਆਰੇ ਦੇ ਲਾਗੇ ਪਈ ਖੁਲ੍ਹੀ ਜ਼ਮੀਨ ਵਿਚ ਆਵੇ ਲਗਵਾਏ ਗਏ। ਗੁਰੂ ਜੀ ਦੇ ਇਕ ਅਨਿੰਨ ਸਿੱਖ ਭਾਈ ਬੁੱਢਾ ਸਿੰਘ ਜੀ ਨੇ ਇਸ ਕੰਮ ਵਿਚ ਹੱਥ ਵਟਾਇਆ। ਗੁਰਦੁਆਰੇ ਦੀ ਸੇਵਾ ਸੰਭਾਲ ਦਾ ਕੰਮ ਤਿੰਨ ਸਾਲ ਚਲਦਾ ਰਿਹਾ। ਬਾਬਾ ਦੀਪ ਸਿੰਘ ਜੀ ਨੇ ਕਈ ਦਰੱਖਤ ਲਗਵਾਏ ਸਨ, ਬੇਰਾਂ ਦੇ ਕਈ ਰੁੱਖ ਜੋ ਆਪ ਨੇ ਲਗਵਾਏ ਸਨ, ਅੱਜ ਵੀ ਮੌਜੂਦ ਹਨ।

ਦਮਦਮੇ ਸਾਹਿਬ ਰਹਿੰਦਿਆਂ ਹੀ ਉਨ੍ਹਾਂ ਨੇ ਇਕ ਟਕਸਾਲ ਆਰੰਭ ਕੀਤੀ। ਜਿਹੜੀ ਦਮਦਮੀ ਟਕਸਾਲ ਕਰਕੇ ਪ੍ਰਸਿਧ ਹੋਈ। ਇਸ ਟਕਸਾਲ ਦੀਆਂ ਹੁਣ ਤਿੰਨ ਸ਼ਾਖਾਵਾਂ ਪ੍ਰਸਿੱਧ ਹਨ।

1. ਭਿੰਡਰਾਂ ਵਾਲੀ ਟਕਸਾਲ :

ਇਸ ਟਕਸਾਲ ਨੂੰ ਸੰਤ ਬਾਬਾ ਸੁੰਦਰ ਸਿੰਘ ਜੀ ਨੇ ਭਾਰੀ ਮਹਾਨਤਾ ਪ੍ਰਦਾਨ ਕੀਤੀ ਸੀ। ਹੁਣ ਸੰਤ ਗਿਆਨੀ ਸੋਹਣ ਸਿੰਘ ਜੀ ਚਲਾ ਰਹੇ ਹਨ।

2. ਮਹਿਤਾ ਸਾਹਿਬ ਵਾਲੀ ਟਕਸਾਲ :

ਇਸ ਟਕਸਾਲ ਦੀ ਹੋਂਦ ਸ੍ਰੀ ਮਾਨ ਸੰਤ ਕਿਰਪਾਲ ਸਿੰਘ ਜੀ ਨੇ ਕਾਇਮ ਕੀਤੀ ਸੀ।

3. ਅੰਮ੍ਰਿਤਸਰ ਵਾਲੀ ਟਕਸਾਲ :

ਇਸ ਟਕਸਾਲ ਦੇ ਬਾਨੀ ਸੰਤ ਅਮਰ ਸਿੰਘ ਜੀ ਗਿਆਨੀ ਹਨ। ਇਿਹਨਾਂ ਟਕਸਾਲਾਂ ਵਿਚ ਪਰੰਪਰਾਗਤ ਗੁਰਬਾਣੀ ਦਾ ਅਰਥ ਗਿਆਨ ਬੜੀ ਲਗਨ ਤੇ ਪਿਆਰ ਸਤਿਕਾਰ ਨਾਲ ਕਰਾਇਆ ਜਾਂਦਾ ਹੈ। ਇਹਨਾਂ ਟਕਸਾਲਾਂ ਵਿਚੋਂ ਵਿਦਿਆ ਪ੍ਰਾਪਤ ਕਰਦੇ ਅਨੇਕਾਂ ਵਿਦਵਾਨਾਂ ਨੇ ਦੇਸ਼ ਵਿਦੇਸ਼ ਵਿਚ ਗੁਰਬਾਣੀ ਦਾ ਪ੍ਰਚਾਰ ਕੀਤਾ। ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਕ੍ਰਿਪਾਲ ਸਿੰਘ ਜੀ ਦਮਦਮੀ ਟਕਸਾਲ ਦੇ ਹੀ ਵਿਦਿਆਰਥੀ ਸਨ। ਇਹਨਾਂ ਟਕਸਾਲਾਂ ਦੀ ਜੋ ਦੇਣ ਸਿੱਖ ਧਰਮ ਨੂੰ ਪ੍ਰਾਪਤ ਹੈ, ਉਸਦਾ ਅਸਲ ਸਿਹਰਾ ਬਾਬਾ ਦੀਪ ਸਿੰਘ ਜੀ ਨੂੰ ਹੀ ਪ੍ਰਾਪਤ ਹੁੰਦਾ ਹੈ।

1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਪੰਜਾਬ ਵੱਲ ਭੇਜਿਆ ਤੇ ਸਿੱਖਾਂ ਨੂੰ ਉਸਦਾ ਸਹਿਯੋਗ ਦੇਣ ਲਈ ਹੁਕਮਨਾਮੇ ਭੇਜੇ ਗਏ। ਇਕ ਹੁਕਮਨਾਮਾ ਬਾਬਾ ਦੀਪ ਸਿੰਘ ਜੀ ਨੂੰ ਵੀ ਦਮਦਮੇ ਸਾਹਿਬ ਵਿਖੇ ਪ੍ਰਾਪਤ ਹੋਇਆ। ਬਾਬਾ ਦੀਪ ਸਿੰਘ ਜੀ ਨੇ ਗੁਰੂ ਜੀ ਦਾ ਹੁਕਮਨਾਮਾ ਸੰਗਤਾਂ ਨੂੰ ਪੜ੍ਹ ਕੇ ਸੁਣਾਇਆ ਤੇ ਇਸ ਦੇ ਨਾਲ ਹੀ ਸ਼ਾਸਤਰ ਲਿਆਉਣ ਦੀ ਸੇਵਾ ਲਾਈ। ਹੁਕਮਨਾਮਾ ਸੁਣਨ ਦੀ ਦੇਰ ਹੀ ਸੀ ਕਿ ਕੁੱਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖ ਆ ਇਕੱਠੇ ਹੋਏ। ਸ਼ਸਤਰਾਂ ਦਾ ਢੇਰ ਲਗ ਪਿਆ। ਬਾਬਾ ਦੀਪ ਸਿੰਘ ਜੀ ਨੇ ਭਾਈ ਨੱਥਾ ਸਿੰਘ ਜੀ ਨੂੰ ਸੌ ਕੁ ਸਿੰਘਾਂ ਸਮੇਤ ਗੁਰਦੁਆਰੇ ਦੀ ਸੇਵਾ ਸੰਭਾਲ ਸੌਂਪੀ ਤੇ ਆਪ ਬੰਦਾ ਬਹਾਦਰ ਨੂੰ ਸਹਿਯੋਗ ਦੇਣ ਲਈ ਹਜ਼ਾਰਾਂ ਸਿੱਖਾਂ ਸਮੇਤ ਚਲ ਪਏ। ਤਿੰਨ ਚਾਰ ਸੌ ਘੋੜ-ਸਵਾਰ ਵੀ ਸਨ। ਸਰਹੰਦ ਦੇ ਮੈਦਾਨ ਵਿਚ ਬੰਦਾ ਸਿੰਘ ਬਹਾਦਰ ਨੂੰ ਜਾ ਫਤਿਹ ਬੁਲਾਈ ਤੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਕੇ ਸਰਹੰਦ ਨੂੰ ਬਰਬਾਦ ਕਰ ਦਿੱਤਾ ਤੇ ਜ਼ਾਲਮ ਵਜੀਦ ਖਾਂ ਦੇ ਸਰੀਰ ਨੂੰ ਤੂੰਬੇ ਦੇ ਪਿੰਜਨ ਵਾਂਗਰ ਪਿੰਜ ਸੁਟਿਆ। ਜੋਸ਼ ਵਿਚ ਆਏ ਸਿੰਘਾਂ ਨੇ ਸਮਾਨੇ ਦੇ ਜਲਾਦ ਜਲਾਲਦੀਨ ਤੇ ਉਸਦੇ ਸਾਰੇ

ਪਰਿਵਾਰ ਨੂੰ ਕਤਲ ਕਰ ਦਿੱਤਾ। ਉਸ ਉਤੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਦੋਸ਼ ਸੀ।

ਇਸ ਤੋਂ ਇਲਾਵਾ ਬੰਦਾ ਬਹਾਦਰ ਨੇ ਬਾਬਾ ਦੀਪ ਸਿੰਘ ਦੀ ਸਹਾਇਤਾ ਨਾਲ ਸਮਾਣਾ, ਸਾਢੌਰਾ, ਬਨੂੜ, ਛਤ, ਸਹਾਰਨਪੁਰ ਨੂੰ ਬਹੁਤ ਬੁਰੀ ਤਰ੍ਹਾਂ ਬਰਬਾਦ ਕੀਤਾ। ਇਹਨਾਂ ਜਿੱਤਾਂ ਵਿਚ ਬਾਬਾ ਦੀਪ ਸਿੰਘ ਜੀ ਨੇ ਬੜੀ ਬਹਾਦਰੀ ਦਿਖਾਈ। ਇਸ ਵੀਰ ਯੋਧੇ ਨੇ ਮੈਦਾਨ ਵਿਚ ਵੈਰੀਆਂ ਦੇ ਪੈਰ ਨਾ ਟਿੱਕਣ ਦਿੱਤੇ। ਜਿੱਤਾਂ ਤੋਂ ਬਾਅਦ ਬੰਦਾ ਬਹਾਦਰ ਅਨੰਦਪੁਰ ਦਰਸ਼ਨਾਂ ਲਈ ਆਇਆ। ਉਥੇ ਉਹ ਤਿੰਨ ਮਹੀਨੇ ਰਿਹਾ। ਬਾਬਾ ਦੀਪ ਸਿੰਘ ਨੇ ਆਨੰਦਪੁਰ ਵਿਚ ਮੁੜ ਉਹੋ ਪਹਿਲਾਂ ਵਾਲਾ ਨਿਤ ਕਰਮ ਸ਼ੁਰੂ ਕਰ ਦਿੱਤਾ। ਦੋਵੇਂ ਵੇਲੇ ਕੀਰਤਨ ਹੁੰਦਾ, ਸੰਗਤ ਨੂੰ ਗੁਰਬਾਣੀ ਦੇ ਅਰਥ ਬੋਧ ਕਰਵਾਏ ਜਾਂਦੇ। ਆਨੰਦਪੁਰ ਰਹਿੰ-ਦਿਆਂ ਹੀ ਬੰਦਾ ਬਹਾਦਰ ਨੇ ਇਕ ਦਿਨ ਸੰਗਤ ਵਿਚ ਬਾਬਾ ਦੀਪ ਸਿੰਘ ਵਲੋਂ ਦਿੱਤੇ ਸਹਿਯੋਗ ਦੀ ਭਾਰੀ ਪ੍ਰਸ਼ੰਸਾ ਕੀਤੀ। ਬੇਦੀ ਲਾਲ ਸਾਹਿਤਕਾਰ ਦੇ ਅਨੁਸਾਰ ਬਾਬਾ ਦੀਪ ਸਿੰਘ ਜੀ ਨੇ ਨਿਮਰਤਾ ਨਾਲ ਬੰਦਾ ਬਹਾਦਰ ਨੂੰ ਆਪਣੀ ਪ੍ਰਸ਼ੰਸਾ ਤੋਂ ਰੋਕਦਿਆਂ ਕਿਹਾ, "ਬਸ ਕਰੋ, ਹੋਰ ਕੁਝ ਨਾ ਕਹੋ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਦਾ ਸੇਵਕ ਹਾਂ। ਇਥੇ ਆਨੰਦਪੁਰ ਸਾਹਿਬ ਰਹਿ ਕੇ ਮੈਂ ਗੁਰੂ ਜੀ ਕੋਲੋਂ ਅੰਮ੍ਰਿਤ ਛਕਿਆ ਸੀ। ਉਨ੍ਹਾਂ ਕੋਲੋਂ ਸਿੱਖਿਆ ਲਈ ਸੀ ਤੇ ਅਸੀਸਾਂ ਪ੍ਰਾਪਤ ਕੀਤੀਆਂ ਸਨ। ਇਹ ਸਭ ਦਸ਼ਮੇਸ਼ ਪਿਤਾ ਜੀ ਦੀ ਕ੍ਰਿਪਾ ਨਾਲ ਹੀ ਮੈਂ ਕੁਝ ਸੇਵਾ ਕਰ ਸਕਿਆਂ ਹਾਂ। ਮੇਰੀ ਸਿਫਤ ਨਾ ਕਰੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਫਤਾਂ ਕਰੋ। ਉਹਨਾਂ ਦੇ ਗੁਣ ਗਾਉ। ਸਾਡੀਆਂ ਜਿੱਤਾਂ ਇਸ ਕਰਕੇ ਹੋਈਆਂ ਹਨ ਕਿਉਂਕਿ ਗੁਰੂ ਜੀ ਦਾ ਮਿਹਰ ਭਰਿਆ ਹੱਥ ਸਾਡੀ ਪਿੱਠ ਉਪਰ ਹੈ। ਉਹ ਸਾਡੇ ਅੰਗ-ਸੰਗ ਹਨ। ਉਹਨਾਂ ਦੀ ਨਿਮਰਤਾ ਤੋਂ ਸਾਰੀ ਸੰਗਤ ਬੜੀ ਪ੍ਰਭਾਵਿਤ ਹੋਈ। ਉਨ੍ਹਾਂ ਨੂੰ "ਜ਼ਿੰਦਾ ਸ਼ਹੀਦ" ਦੀ ਪਦਵੀ ਨਾਲ ਸਨਮਾਨਿਆ ਗਿਆ। ਗਿ. ਨਰਿੰਜਨ ਸਿੰਘ ਅਨੁਸਾਰ ਇਹ ਸੰਮਤ 1765 ਬਿ. ਦੀ ਗੱਲ ਹੈ।

ਬੰਦਾ ਬਹਾਦਰ ਨੂੰ ਸਾਰੇ ਪਾਸੇ ਜਦੋਂ ਜਿੱਤਾਂ ਪ੍ਰਾਪਤ ਹੋਈਆਂ ਤਾਂ ਲੋਕਾਂ ਵਿਚ ਉਸਦਾ ਮਾਣ ਸਤਿਕਾਰ ਵੱਧ ਗਿਆ। ਐਨਾ ਮਾਣ ਸਤਿਕਾਰ ਮਿਲਦਾ ਵੇਖ ਕੇ ਉਸਨੂੰ ਆਪਣੀ ਤਾਕਤ ਤੇ ਗੁਮਾਣ ਹੋਣ ਲੱਗਾ। ਉਹ ਸਮਝਦਾ ਸੀ ਕਿ ਉਸਦੇ ਕਾਰਣ ਹੀ ਇਹ ਸਾਰੀਆਂ ਜਿੱਤਾਂ ਸੰਭਵ ਹੋ ਸਕੀਆਂ ਹਨ ਭਾਵੇਂ ਕਿ ਇਹਨਾਂ ਜਿੱਤਾਂ ਵਿਚ ਬਾਬਾ ਦੀਪ ਸਿੰਘ ਜਿਹੇ ਅਨੇਕਾਂ ਸੂਰਮਿਆਂ ਨੇ ਉਸਦਾ ਸਾਥ ਦਿੱਤਾ ਸੀ। ਬੰਦਾ ਬਹਾਦਰ ਨੇ ਗੁਰੂ ਉਪਦੇਸ਼ਾਂ ਨੂੰ ਭੁਲ ਕੇ ਸ਼ਾਹੀ ਠਾਠ-ਬਾਠ ਵਾਲੀ ਜ਼ਿੰਦਗੀ ਸ਼ੁਰੂ ਕਰ ਦਿੱਤੀ। ਉਸਦੀ ਸਭ ਤੋਂ ਵੱਡੀ ਭੁੱਲ ਹਰਿਮੰਦਰ ਸਾਹਿਬ ਵਿਖੇ ਗੱਦੀ ਲਾ ਕੇ ਬੈਠਣਾ ਸੀ। ਜਦੋਂ ਬਾਬਾ ਦੀਪ ਸਿੰਘ ਜੀ ਨੂੰ ਬੰਦੇ ਦੀ ਇਸ ਕਰਤੂਤ ਦਾ ਪਤਾ ਲਗਾ ਤਾਂ ਉਹਨਾਂ ਨੇ ਹਰਿਮੰਦਰ ਸਾਹਿਬ ਵਿਖੇ ਆ ਕੇ ਬੰਦੇ ਬਹਾਦਰ ਨੂੰ ਗਰਜਵੀਂ ਅਵਾਜ਼ ਵਿਚ ਲਲਕਾਰਿਆ। ਬਾਬਾ ਦੀਪ ਸਿੰਘ ਜੀ ਦਾ ਗੁੱਸੇ ਵਿਚ

ਲਾਲ ਸੂਹਾ ਚਿਹਰਾ ਦੇਖ ਕੇ ਬੰਦਾ ਬਹਾਦਰ ਸਿਰ ਤੋਂ ਪੈਰਾਂ ਤੱਕ ਕੰਬ ਗਿਆ। ਸੰਗਤ ਵਿਚ ਬਾਬਾ ਬਿਨੋਦ ਸਿੰਘ ਤੇ ਬਾਬਾ ਕਾਹਨ ਸਿੰਘ ਨੇ ਉਠ ਕੇ ਬੰਦੇ ਨੂੰ ਗੱਦੇ ਤੋਂ ਉਤਾਰਿਆ। ਬੰਦਾ ਬਹਾਦਰ ਉਠ ਕੇ ਹਰਿਮੰਦਰ ਸਾਹਿਬ ਤੋਂ ਬਾਹਰ ਆ ਗਿਆ। ਪਰ ਉਸਨੇ ਆਪਣੀ ਗਲਤੀ ਨਾ ਮੰਨੀ। ਉਸਨੇ ਆਪਣੀ ਵੱਖਰੀ ਰਹੁਰੀਤ ਕਾਇਮ ਰਖੀ। ਜਿਸ ਕਾਰਣ ਸਿੱਖਾਂ ਨੇ ਉਸ ਨਾਲੋਂ ਵਖਰਾ ਦਲ ਬਣਾਉਣ ਲਈ ਅਕਾਲ ਤਖਤ ਸਾਹਿਬ ਇਕੱਠ ਕੀਤਾ। ਬਾਬਾ ਦੀਪ ਸਿੰਘ ਉਸ ਸਮੇਂ ਦਮਦਮਾ ਸਾਹਿਬ ਵਾਪਸ ਆ ਗਏ ਸਨ। ਬੰਦੇ ਬਹਾਦਰ ਨੇ ਗੁਰਮਤੀ ਰਹੁਰੀਤਾਂ ਦੀ ਪਾਲਣਾ ਨਾ ਕਰਕੇ ਆਪਣੇ ਹੀ ਅਸੂਲ ਬਣਾ ਲਏ। ਇਕੱਠ ਵਿਚ ਬੰਦੇ ਬਹਾਦਰ ਨਾਲੋਂ ਵੱਖਰਾ ਦਲ ਬਣਾਉਣ ਦਾ ਫੈਸਲਾ ਕੀਤਾ ਗਿਆ। ਜਿਸ ਨੂੰ ਤੱਤ ਖਾਲਸਾ ਕਿਹਾ ਜਾਣ ਲਗਾ। ਇਸ ਵਿਚ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਭਲਾ, ਭਾਈ ਫਤਿਹ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਧਰਮ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕੇਸਰਾ ਸਿੰਘ, ਭਾਈ ਰਾਮ ਸਿੰਘ, ਭਾਈ ਦਰਬਾਰਾ ਸਿੰਘ, ਭਾਈ ਬਹਾਦਰ ਸਿੰਘ ਦੀਵਾਨ, ਭਾਈ ਬੁੱਢਾ ਸਿੰਘ ਤਾਰੂਕੇ, ਭਾਈ ਤੇਜਾ ਸਿੰਘ, ਭਾਈ ਨਗਾਰੀਆ ਸਿੰਘ, ਭਾਈ ਹਰੀ ਸਿੰਘ, ਭਾਈ ਹਰਸਾ ਸਿੰਘ ਆਦਿ ਸਨ। ਇਹਨਾਂ ਨੇ ਬਿਬੇਕਸਰ ਦੇ ਕੰਢੇ ਡੇਰਾ ਲਾ ਲਿਆ। ਦੂਜੇ ਪਾਸੇ ਬੰਦੇ ਦੇ ਧੜੇ ਵਿਚ ਭਾਈ ਬਾਜ ਸਿੰਘ, ਭਾਈ ਬਾਘ ਸਿੰਘ, ਭਾਈ ਬਲਾਕੀ ਸਿੰਘ, ਭਾਈ ਮਲੀ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਮਾਨ ਸਿੰਘ ਸਨ। ਇਸ ਧੜੇ ਨੂੰ ਬੰਦਈ ਖਾਲਸਾ ਕਿਹਾ ਜਾਣ ਲੱਗਾ।

1773 ਬਿ. ਮੁਤਾਬਿਕ 1716 ਈ. ਦੀ ਵਿਸਾਖੀ ਨੂੰ ਖਾਲਸੇ ਦਾ ਭਾਰੀ ਇਕੱਠ ਹੋਇਆ। ਭੇਟਾ ਬਹੁਤ ਚੜ੍ਹੀ। ਜਿਸ ਤੋਂ ਦੋਹਾਂ ਧੜਿਆਂ ਵਿਚ ਬਹੁਤ ਝਗੜਾ ਵਧਿਆ। ਬਾਬਾ ਦੀਪ ਸਿੰਘ ਜੀ ਨੇ ਆਪਣੀ ਸੂਝਬੂਝ ਤੇ ਸਿਆਣਪ ਨਾਲ ਇਸ ਝਗੜੇ ਨੂੰ ਨਿਪਟਾ-ਇਆ। ਉਨ੍ਹਾਂ ਅਕਾਲ ਤਖਤ ਸਾਹਿਬ ਜੀ ਦੀ ਹਜ਼ੂਰੀ ਵਿਚ ਇਕੱਤਰਤਾ ਬੁਲਾਈ ਤੇ ਸਰਬ ਸੰਮਤੀ ਨਾਲ ਗੁਰਮਤਾ ਕੀਤਾ ਕਿ 'ਦੋ ਚਿੱਠੀਆਂ ਲਿਖੀਆਂ ਜਾਣ', ਇਕ ਉਪਰ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਲਿਖਿਆ ਜਾਵੇ ਤੇ ਦੂਜੀ ਚਿਠੀ ਉਪਰ 'ਸਚੇ ਸਾਹਿਬ ਜੀ ਕੀ ਫਤਿਹ' ਲਿਖਿਆ ਜਾਵੇ। ਦੋਹਾਂ ਚਿਠੀਆਂ ਨੂੰ ਹਰਿ ਕੀ ਪਉੜੀ ਦਾ ਸਾਹਮਣੇ ਭਰਪੂਰ ਸਰੋਵਰ ਵਿਚ ਰਖਿਆ ਜਾਵੇ। ਜਿਹੜੀ ਚਿੱਠੀ ਤਰਦੀ ਰਹੇ, ਉਹ ਧੜਾ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਦਾ ਪ੍ਰਬੰਧ ਕਰੇ। ਜਿਹੜੀ ਚਿੱਠੀ ਡੁਬ ਜਾਵੇ ਉਹ ਆਪਣੇ ਆਪ ਹੀ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਛੱਡ ਦੇਵੇ।

ਦੋਵੇਂ ਚਿੱਠੀਆਂ ਬਾਬਾ ਦੀਪ ਸਿੰਘ ਤੇ ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਨੇ ਆਪਣੇ ਹੱਥੀਂ ਸਰੋਵਰ ਵਿਚ ਰੱਖੀਆਂ। ਬੰਦਈ ਖਾਲਸਾ ਦੀ ਚਿੱਠੀ ਜਿਸ ਉਪਰ 'ਸੱਚੇ ਸਾਹਿਬ ਜੀ ਕੀ ਫਤਿਹ' ਲਿਖਿਆ ਸੀ, ਡੁਬ ਗਈ ਪਰ ਬੰਦਈ ਖਾਲਸਾ ਨੇ ਇਹ ਫੈਸਲਾ ਮੰਨਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਇਹ ਫੈਸਲਾ ਦੋਹਾਂ ਧੜਿਆਂ ਦੇ ਪਹਿਲ-

ਵਾਨਾਂ ਦਾ ਘੋਲ ਕਰਵਾ ਕੇ ਕੀਤਾ ਗਿਆ। ਬੰਦਈ ਧੜੇ ਦੇ ਪਹਿਲਵਾਨ ਸੰਗਤ ਸਿੰਘ ਤੇ ਤੱਤ ਖਾਲਸਾ ਦੇ ਪਹਿਲਵਾਨ ਮਿਹਰ ਸਿੰਘ ਦੇ ਵਿਚਕਾਰ ਘੋਲ ਹੋਇਆ। ਇਸ ਵਿਚ ਬੰਦਈ ਖਾਲਸਾ ਦੇ ਪਹਿਲਵਾਨ ਸੰਗਤ ਸਿੰਘ ਦੀ ਹਾਰ ਹੋਈ ਤੇ ਉਹਨਾਂ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਛੱਡ ਦਿੱਤਾ। ਇਸ ਤਰ੍ਹਾਂ ਜਿਥੇ ਬਾਬਾ ਦੀਪ ਸਿੰਘ ਨੇ ਜੰਗ ਵਿਚ ਵੈਰੀਆਂ ਨੂੰ ਆਪਣੀ ਬਹਾਦਰੀ ਨਾਲ ਹਰਾ ਦਿੱਤਾ, ਉਥੇ ਆਪਣੀ ਸੂਝਬੂਝ ਤੇ ਸਿਆਣਪ ਨਾਲ ਖਾਲਸੇ ਵਿਚ ਪੈਦਾ ਹੋਏ ਮਤਭੇਦਾਂ ਨੂੰ ਖਤਮ ਕਰ ਦਿੱਤਾ। ਇਹੀ ਕਾਰਣ ਸੀ ਕਿ ਆਪ ਨੂੰ ਜਵਾਨੀ ਵੇਲੇ ਹੀ ਲੋਕ ਬਾਬਾ ਜੀ ਆਖਣ ਲੱਗੇ।

1734 ਈ. ਨੂੰ ਭਾਈ ਮਨੀ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਤੋਂ ਬਾਅਦ ਜ਼ਕਰੀਆ ਖਾਂ ਸੂਬਾ ਲਾਹੌਰ ਨੇ ਸਿੰਘਾਂ ਤੇ ਆਪਣਾ ਦਬਦਬਾ ਜਮਾਉਣ ਲਈ ਇਕ ਰਾਜਨੀਤਿਕ ਸਾਜਿਸ਼ ਰਚੀ। ਉਸਨੇ ਕੁੱਝ ਸਿਰ ਕੱਢ ਆਗੂਆਂ ਦੀ ਬੜੀ ਚਲਾਕੀ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਇਕ ਕਮੇਟੀ ਬਣਾਈ ਤੇ ਇਹਨਾਂ ਦਾ ਮੁੱਖੀ ਮੱਸੇ ਰੰਘੜ ਨੂੰ ਬਣਾ ਦਿੱਤਾ। ਖੁਦ ਮੁਖਤਾਰੀ ਮਿਲਣ ਨਾਲ ਉਸਦੇ ਸ਼ੈਤਾਨ ਦਿਮਾਗ ਵਿਚ ਫਤੂਰ ਮਚ ਗਿਆ। ਉਹ ਦਰਬਾਰ ਸਾਹਿਬ ਵਿਚ ਪਲੰਘ ਡਾਹ ਕੇ ਹੁਕਾ ਪੀਂਦਾ ਤੇ ਮੁਜਰਾ ਲਾਉਣ ਲਗ ਪਿਆ। ਅੰਮ੍ਰਿਤਸਰ ਦੇ ਇਰਦ ਗਿਰਦ ਸਖਤ ਸ਼ਾਹੀ ਪਹਿਰੇ ਲਗਾ ਦਿੱਤੇ ਗਏ। ਸਿੱਖ ਹੋਰ ਤਾਂ ਸਾਰੇ ਜ਼ੁਲਮ ਸਹਿ ਸਕਦੇ ਸਨ ਪਰ ਜਾਨ ਨਾਲੋਂ ਪਿਆਰੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਿੰਵ ਸਹਿਣ ਕਰ ਸਕਦੇ ਸਨ। ਖਾਲਸਾ ਉਸ ਸਮੇਂ ਅੰਮ੍ਰਿਤਸਰ ਨੂੰ ਛਡ ਕੇ ਬੀਕਾਨੇਰ, ਰਾਜਪੂਤਾਨੇ ਤੇ ਦਮਦਮੇ ਸਾਹਿਬ ਵਿਖੇ ਰਹਿੰਦੇ ਸਨ। ਮੱਸੇ ਰੰਘੜ ਦੀ ਇਸ ਭੈੜੀ ਕਰਤੂਤ ਦਾ ਪਤਾ ਰਾਜਸਥਾਨ ਵਿਚ ਭਾਈ ਬੁੱਢਾ ਸਿੰਘ ਨੂੰ ਲੱਗਾ। ਉਹ ਜਥੇ ਸਮੇਤ ਝੱਟ-ਪੱਟ ਗੁ. ਦਮਦਮਾ ਸਾਹਿਬ ਵਿਖੇ ਭਾਈ ਦੀਪ ਸਿੰਘ ਜੀ ਪਾਸ ਪੁੱਜੇ। ਭਾਈ ਬੁੱਢੇ ਜੀ ਨੇ ਮੱਸਾ ਰੰਘੜ ਦੀ ਕਰਤੂਤ ਬਾਬਾ ਦੀਪ ਸਿੰਘ ਜੀ ਨੂੰ ਦੱਸੀ। ਉਨ੍ਹਾਂ ਦੇ ਡੌਲੇ ਫਰਕ ਪਏ ਤੇ ਚਿਹਰਾ ਭੱਖ ਉਠਿਆ। ਬੀਰ ਰਸ ਵਿਚ ਆ ਗਏ।

ਭਰੇ ਦੀਵਾਨ ਵਿਚ ਬਾਬਾ ਜੀ ਨੇ ਰੋਹ ਵਿਚ ਆ ਕੇ ਸਾਰੀ ਵਾਰਤਾ ਸੰਗਤ ਨੂੰ ਸੁਣਾਈ। ਸੁਣ ਕੇ ਸਿੱਖਾਂ ਦਾ ਖੂਨ ਖੌਲ ਉਠਿਆ। ਭਰੇ ਦੀਵਾਨ ਵਿਚੋਂ ਦੋ ਸਿੱਖ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ (ਜਿਲ੍ਹਾ ਲਾਹੌਰ ਹੁਣ ਜ਼ਿਲ੍ਹਾ ਅੰਮ੍ਰਿਤਸਰ) ਤੇ ਭਾਈ ਮਤਾਬ ਸਿੰਘ ਜੀ ਮੀਰਾ ਕੋਟ (ਖੁਰਦ) ਜ਼ਿਲ੍ਹਾ ਅੰਮ੍ਰਿਤਸਰ ਨੇ ਬਾਬਾ ਦੀਪ ਸਿੰਘ ਜੀ ਤੋਂ ਮੱਸੇ ਰੰਘੜ ਦਾ ਸਿਰ ਵੱਢ ਕੇ ਲਿਆਉਣ ਲਈ ਆਗਿਆ ਮੰਗੀ। ਬਾਬਾ ਦੀਪ ਸਿੰਘ ਜੀ ਨੇ ਅਰਦਾਸ ਕੀਤੀ। ਮਹਾਰਾਜ ਜੀ ਦਾ ਹੁਕਮ ਲਿਆ ਤੇ ਦੋਵਾਂ ਸਿੱਖਾਂ ਨੂੰ ਥਾਪੜਾ ਦੇ ਕੇ ਤੋਰਿਆ। ਦੋਵਾਂ ਨੇ ਨੰਬਰਦਾਰਾਂ ਦਾ ਭੇਸ ਬਣਾ ਕੇ ਮੱਸੇ ਰੰਘੜ ਦਾ ਸਿਰ ਵੱਢ ਲਿਆ। ਮੱਸੇ ਰੰਘੜ ਨੂੰ ਉਸਦੇ ਕੀਤੇ ਕੁਕਰਮਾਂ ਦੀ ਸਜਾ ਮਿਲ ਗਈ।

ਸੰਨ 1746 ਈ. ਵਿਚ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਪੰਜਾਬ ਦੇ ਗਵਰਨਰ ਯਹੀਆ ਖਾਨ ਦੇ ਹਿੰਦੂ ਦੀਵਾਨ ਲਖਪਤ ਰਾਏ ਨੇ ਕਾਹਨੂੰਵਾਨ ਦੇ ਜੰਗਲ ਵਿਚ ਇਕੱਠੇ ਹੋਏ ਸਿੰਘਾਂ ਨੂੰ ਸ਼ਾਹੀ ਫੌਜਾਂ ਤੇ ਮੁਲਖਈਆ ਦਵਾਰਾ ਘੇਰ ਲਿਆ। ਬਾਬਾ ਦੀਪ ਸਿੰਘ ਵੀ ਇਨ੍ਹਾਂ ਘਿਰੇ ਹੋਏ ਸਿੰਘਾਂ ਵਿਚ ਆਪਣੇ ਜਥੇ ਸਮੇਤ ਸ਼ਾਮਿਲ ਸਨ। ਲਖਪਤ ਰਾਏ ਨੇ ਸਿੰਘਾਂ ਵਿਚ ਸਿੰਘਾਂ ਦੀ ਛਾਪਾ ਮਾਰ ਲੜਾਈ ਤੋਂ ਤੰਗ ਆ ਕੇ ਸਿੰਘਾਂ ਨੂੰ ਮਾਰ ਮਕਾਉਣ ਲਈ ਜੰਗਲ ਨੂੰ ਅੱਗ ਲਗਾ ਦਿੱਤੀ। ਪਰ

ਜਿਸਦਾ ਸਾਹਿਬ ਡਾਢਾ ਹੋਇ ॥
ਤਿਸਨੋ ਮਾਰਿ ਨ ਸਕੈ ਕੋਇ ॥ (ਰਾਗ ਬਿਲਾਵਲ, ਪੰਨਾ ੮੪੨)
ਮਾਰੈ ਰਾਖੈ ਏਕੋ ਆਪਿ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥ (ਸੁਖਮਨੀ ਸਾਹਿਬ ੧੪ ਵੀਂ ਅਸ਼ਟਪਦੀ)

ਦੇ ਮਹਾਂਵਾਕਾਂ ਅਨੁਸਾਰ ਸਿੱਖ ਕੌਮ ਜਿਸ ਉਪਰ ਕਲਗੀਧਰ ਪਾਤਸ਼ਾਹ ਦਾ ਮਿਹਰ ਭਰਿਆ ਹੱਥ ਸੀ, ਲਖਪਤ ਰਾਏ ਦੇ ਮੁਕਾਉਣ ਤੇ ਵੀ ਨਾ ਮੁਕੀ। ਬਾਬਾ ਦੀਪ ਸਿੰਘ ਨੇ ਆਪਣੇ ਜਥੇ ਦੇ ਬਚੇ ਹੋਏ ਸਿੰਘਾਂ ਨਾਲ ਬਾਹਰ ਨਿਕਲ ਕੇ ਬਿਆਸਾ ਦੇ ਕੰਢੇ ਵੈਰੀ ਨਾਲ ਟੱਕਰ ਲਈ। ਬਾਬਾ ਦੀਪ ਸਿੰਘ ਆਪਣੇ ਸਾਥੀਆਂ ਸਮੇਤ ਢਿੱਡੋਂ ਭੁੱਖੇ, ਸਰੀਰਾਂ ਤੇ ਜ਼ਖਮ, ਉਤੋਂ ਸੂਰਜ ਦੀ ਗਰਮੀ ਤੇ ਥੱਲੇ ਤਪੀ ਹੋਈ ਧਰਤੀ, ਪੈਰੀ ਛਾਲੇ ਅਨੇਕਾਂ ਕਸ਼ਟ ਸਹਾਰਦੇ ਹੋਏ ਵਾਪਸ ਮਾਲਵੇ ਪੁਜੇ। ਲਖਪਤ ਰਾਏ ਦੇ ਇਸ ਘਿਨਾਉਣੇ ਕੰਮ ਨੂੰ ਸਿੰਘ ਛੋਟੇ ਘਲੂਘਾਰੇ ਦੇ ਨਾਮ ਨਾਲ ਯਾਦ ਕਰਦੇ ਹਨ।

ਇਸ ਸਾਕੇ ਤੋਂ ਬਾਅਦ ਸਿੰਘਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਨ ਦਾ ਫੈਸਲਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵੀ ਸਿੱਖਾਂ ਉਪਰ ਜ਼ੁਲਮ ਦੀ ਹਨੇਰੀ ਝੁਲਦੀ ਰਹੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਾਰੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੀ ਕਮਾਨ ਹੇਠ ਇਕੱਠੇ ਹੁੰਦੇ ਸਨ। ਸਹੀ ਅਗਵਾਈ ਨਾ ਮਿਲਣ ਕਾਰਣ ਸਾਰੇ ਸਿੱਖ 65 ਜਥਿਆਂ ਵਿਚ ਵੰਡੇ ਗਏ। ਸਮੇਂ ਦੀ ਜ਼ਾਲਮ ਹਕੂਮਤ ਨੂੰ ਵੇਖਦਿਆਂ 1748 ਈ. ਵਿਚ ਇਹ 12 ਵੱਡੇ ਜਥਿਆਂ ਵਿਚ ਵੰਡੇ ਗਏ ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਇਹਨਾਂ ਵਿਚੋਂ ਇਕ ਪ੍ਰਮੁੱਖ ਮਿਸਲ ਸ਼ਹੀਦਾਂ ਦੇ ਮੁਖੀ ਬਾਬਾ ਦੀਪ ਸਿੰਘ ਜੀ ਬਣੇ। ਇਸ ਦੇ ਮੀਤ ਜਥੇਦਾਰ ਭਾਈ ਗੁਰਬਖਸ਼ ਸਿੰਘ, ਭਾਈ ਸੁਧਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਹੀਰਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਦਰਗਾਹ ਸਿੰਘ ਸਨ। ਬਾਬਾ ਦੀਪ ਸਿੰਘ ਨੇ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਨਾਂ ਜਗੀਰ ਲਾ ਕੇ ਜਗੀਰ ਲਾਉਣ ਦੀ ਪ੍ਰਥਾ ਚਾਲੂ ਕੀਤੀ।

ਸੰਨ 1734 ਈ. ਵਿਚ ਦੀਵਾਨ ਦਰਬਾਰ ਸਿੰਘ ਸਵਰਗਵਾਸ ਹੋ ਗਏ। ਉਨ੍ਹਾਂ ਦੇ

ਪਿਛੋਂ ਨਵਾਬ ਕਪੂਰ ਸਿੰਘ, ਭਾਈ ਫਤਿਹ ਸਿੰਘ, ਭਾਈ ਬੁੱਢਾ ਸਿੰਘ ਤੇ ਭਾਈ ਭੂਆ ਸਿੰਘ ਆਦਿ ਕੁਝ ਸਿਆਣੇ ਬੰਦਿਆਂ ਨੇ ਵਿਚਾਰ ਵਟਾਂਦਰਾ ਕੀਤਾ ਤੇ ਸਮੇਂ ਦੀ ਲੋੜ ਅਨੁਸਾਰ ਤਰੁਨਾ ਦਲ ਤੇ ਬੁੱਢਾ ਦਲ ਦੋ ਦੋ ਸੰਗਠਨ ਕਾਇਮ ਹੋ ਗਏ। ਤਰੁਨਾ ਦਲ ਵਿਚ ਨੌਜਵਾਨ ਸਨ ਤੇ ਬੁੱਢਾ ਦਲ ਵਿਚ ਬੁੱਢੇ ਹੁੰਦੇ ਸਨ। ਇਹਨਾਂ ਦੋ ਦਲਾਂ ਨੂੰ ਅੱਗੋਂ ਵੱਖ-ਵੱਖ ਜਥਿਆਂ ਵਿਚ ਵੰਡਿਆ ਜਾਂਦਾ ਸੀ। ਹਰ ਜਥੇ ਦਾ ਆਪਣਾ ਇਕ ਜਥੇਦਾਰ ਹੁੰਦਾ ਸੀ। ਤਰੁਨਾ ਦਲ ਦੇ ਅੱਗੋਂ ਪੰਜ ਜਥੇ ਬਣੇ ਸਨ। ਇਹਨਾਂ ਵਿਚੋਂ ਇਕ ਜਥੇ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਸਨ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਮੁਖੀ ਪਹਿਲਾਂ ਹੀ ਸਨ। ਤਰੁਨਾ ਦਲ ਦਾ ਇਕ ਜਥਾ ਉਹਨਾਂ ਕੋਲ ਆਉਣ ਨਾਲ ਉਹਨਾਂ ਦੇ ਜਥੇ ਦੀ ਗਿਣਤੀ ਵੱਧ ਗਈ। ਮਾਲਵੇ ਵਿਚ ਉਨ੍ਹਾਂ ਦੇ ਜਥੇ ਦੇ ਪਹਿਲਾਂ ਹੀ ਸੈਂਕੜੇ ਸਿੱਖ ਹਰ ਵੇਲੇ ਜੰਗ ਵਿਚ ਜੂਝਣ ਲਈ ਤਿਆਰ ਰਹਿੰਦੇ ਸਨ। ਪ੍ਰੋ. ਪ੍ਰਕਾਸ਼ ਸਿੰਘ ਦੇ ਅਨੁਸਾਰ ਤਰੁਨਾ ਦਲ ਦੀ ਜਥੇਦਾਰੀ ਵੇਲੇ ਆਪ ਦੀ ਉਮਰ ਬਵੰਜਾ ਸਾਲ ਸੀ। ਆਪ ਦੇ ਜਥੇ ਵਿਚ ਮਾਝੇ ਮਾਲਵੇ ਦੇ ਸਿੱਖ ਇਕੱਠੇ ਹੋ ਗਏ। ਆਪ ਨੇ ਆਪਣਾ ਕੇਂਦਰ ਦਮਦਮਾ ਸਾਹਿਬ ਹੀ ਰਖਿਆ। ਇਥੇ ਸਿੱਖਾਂ ਨੂੰ ਸ਼ਸਤਰਾ ਦੀ ਸਿੱਖਿਆ ਦਿੱਤੀ ਜਾਂਦੀ। ਇਹ ਉਹ ਸਮਾਂ ਸੀ ਜਦੋਂ ਹਰ ਘਰ ਵਿਚੋਂ ਇਕ ਨੌਜਵਾਨ ਸਿੱਖ ਹੁੰਦਾ ਸੀ।

ਮੱਸੇ ਰੰਘੜ ਦਾ ਸਿਰ ਵੱਢਣ ਤੋਂ ਬਾਅਦ ਬਾਬਾ ਦੀਪ ਸਿੰਘ ਦੀ ਪ੍ਰੇਰਨਾ ਨਾਲ ਸਾਰੇ ਸਰਦਾਰਾਂ ਵਲੋਂ ਇਕੱਠੇ ਹੋ ਕੇ ਦੁਆਬੇ ਦੇ ਸੂਬੇਦਾਰ ਅਦੀਨਾ ਬੇਗ ਨੂੰ ਸੋਧਨ ਦਾ ਸਿਹਰਾ ਵੀ ਬਾਬਾ ਦੀਪ ਸਿੰਘ ਦੇ ਹੀ ਸਿਰ ਬੱਝਦਾ ਹੈ। ਬਾਬਾ ਜੀ ਨੇ ਆਪਣੇ ਜਥੇ ਦੇ ਸਿੰਘਾਂ ਤੇ ਹੋਰ ਮਿਸਲਾਂ ਦੇ ਸਰਦਾਰਾਂ ਨਾਲ ਦੁਆਬੇ ਦੇ ਸੂਬੇਦਾਰ ਅਦੀਨਾ ਬੇਗ ਤੇ ਹੱਲਾ ਕਰਕੇ ਉਸਦੀਆਂ ਫੌਜਾਂ ਦੇ ਛੱਕੇ ਛੁਡਾ ਦਿੱਤੇ ਤੇ ਅਦੀਨਾ ਬੇਗ ਨੂੰ ਕਤਲ ਕਰ ਦਿੱਤਾ। ਇਸ ਇਲਾਕੇ ਦਾ ਪ੍ਰਬੰਧ ਬਾਬਾ ਦੀਪ ਸਿੰਘ ਜੀ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪ ਦਿੱਤਾ। ਜੇਕਰ ਉਹ ਚਾਹੁੰਦੇ ਤਾਂ ਇਸ ਇਲਾਕੇ ਨੂੰ ਆਪਣੇ ਕੋਲ ਰੱਖ ਸਕਦੇ ਸਨ ਪਰ ਉਹਨਾਂ ਦੇ ਮਨ ਵਿਚ ਕੋਈ ਲਾਲਚ ਨਹੀਂ ਸੀ। ਉਹ ਤਾਂ ਆਪਣਾ ਆਪ ਵੀ ਪੰਥ ਦੇ ਲੇਖੇ ਲਾਉਣ ਲਈ ਹਰ ਸਮੇਂ ਤਤਪਰ ਰਹਿੰਦੇ ਸਨ।

ਦੁਆਬੇ ਦੀ ਜਿੱਤ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਇਲਾਕੇ ਨੂੰ ਜੋ ਕਿ ਮੁਹੰਮਦ ਅਮੀਨ ਖਾਂ ਦੇ ਅਧੀਨ ਸੀ, ਉਸ ਦੇ ਜ਼ੁਲਮਾਂ ਤੋਂ ਬਚਾਉਣ ਲਈ ਸਿਆਲ-ਕੋਟ ਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਬਿਆਸ ਨਦੀ ਨੂੰ ਪਾਰ ਕਰਦੇ ਹੋਏ ਵਟਾਲੇ ਤੋਂ ਹੁੰਦੇ ਹੋਏ ਡੇਰਾ ਬਾਬਾ ਨਾਨਕ ਪੁਜ ਕੇ ਸਿੰਘਾਂ ਨੇ ਇਕ ਭਾਰੀ ਇਕੱਠ ਕੀਤਾ। ਉਧਰ ਅਮੀਨ ਖਾਂ ਨੂੰ ਵੀ ਸਿੱਖਾਂ ਦੇ ਹਮਲੇ ਬਾਰੇ ਪਤਾ ਲਗ ਗਿਆ। ਸਿੱਖਾਂ ਦੀ ਆਮਦ ਦੀ ਖਬਰ ਸੁਣ ਕੇ ਹੀ ਉਹ ਸਿਆਲਕੋਟ ਛੱਡ ਕੇ ਭਜ ਗਿਆ। ਸਿੰਘਾਂ ਨੇ ਸਿਆਲਕੋਟ ਤੇ ਕਬਜਾ

ਕਰਕੇ ਇਸਦਾ ਪ੍ਰਬੰਧ ਬਾਬਾ ਦਿਆਲ ਸਿੰਘ ਤੇ ਨੱਥਾ ਸਿੰਘ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਇਸ ਇਲਾਕੇ ਦੀ ਜਗੀਰ ਗੁਰਦੁਆਰਾ ਬੇਰ ਸਾਹਿਬ ਦੇ ਲੰਗਰ ਦੇ ਨਾਮ ਲਗਾ ਦਿੱਤੀ।

ਬਾਬਾ ਦੀਪ ਸਿੰਘ ਜੀ ਨੇ 1758-59 ਈ. ਵਿਚ ਜੈਸਲਮੇਰ ਤੇ ਬੀਕਾਨੇਰ ਦੀਆਂ ਰਿਆਸਤਾਂ ਵਿਚਕਾਰ ਸੰਧੀ ਵੀ ਕਰਾਈ। ਜੈਸਲਮੇਰ ਦੇ ਰਾਜੇ ਨੇ ਬੀਕਾਨੇਰ ਦੇ ਰਾਜੇ ਵਿਰੁੱਧ ਮੁਸਲਮਾਨ ਹਾਕਮਾਂ ਤੋਂ ਮਦਦ ਮੰਗੀ ਸੀ। ਬੀਕਾਨੇਰ ਦੇ ਰਾਜੇ ਨੇ ਸਿੱਖਾਂ ਪਾਸੋਂ ਮਦਦ ਮੰਗੀ। ਬਾਬਾ ਦੀਪ ਸਿੰਘ, ਭਾਈ ਨੱਥਾ ਸਿੰਘ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸ਼ਾਮ ਸਿੰਘ ਨਾਰਦ ਕੇ, ਭਾਈ ਕਰੋੜਾ ਸਿੰਘ, ਭਾਈ ਕਰਮ ਸਿੰਘ ਆਦਿ ਸਰਦਾਰਾਂ ਨੇ ਵੀਹ ਹਜ਼ਾਰ ਤਿਆਰ ਬਰ ਤਿਆਰ ਸਿੰਘਾਂ ਦਾ ਜਥਾ ਲੈ ਕੇ ਚਲ ਪਏ। ਜੈਸਲਮੇਰ ਦੇ ਰਾਜੇ ਨੂੰ ਜਦੋਂ ਪਤਾ ਲਗਾ ਕਿ ਸਿੰਘ ਬੀਕਾਨੇਰ ਦੇ ਰਾਜੇ ਦੀ ਸਹਾਇਤਾ ਲਈ ਆ ਰਹੇ ਹਨ ਤਾਂ ਉਸਨੇ ਬਾਬਾ ਦੀਪ ਸਿੰਘ ਤੇ ਬੀਕਾਨੇਰ ਦੇ ਰਾਜੇ ਵੱਲ ਸੰਧੀ ਦੇ ਸੁਨੇਹੇ ਭੇਜ ਦਿੱਤੇ। ਬਾਬਾ ਜੀ ਦੋਹਾਂ ਰਿਆਸਤਾਂ ਵਿਚਕਾਰ ਸੰਧੀ ਕਰਾਕੇ ਵਾਪਸ ਆ ਗਏ।

ਬਾਬਾ ਦੀਪ ਸਿੰਘ ਜੀ ਨੇ ਮੁਗਲਾਂ ਨਾਲ ਜਿੰਨੀਆਂ ਵੀ ਲੜਾਈਆਂ ਲੜੀਆਂ ਸਭ ਵਿਚ ਜਿੱਤ, ਇੱਜ਼ਤ ਤੇ ਮਾਣ ਪ੍ਰਾਪਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਆਪ ਆਨੰਦਪੁਰ ਦੀਆਂ ਲੜਾਈਆਂ ਵਿਚ ਵੀ ਮੁਗਲਾਂ ਦੇ ਵਿਰੁਧ ਲੜੇ। ਬਾਬਾ ਦੀਪ ਸਿੰਘ ਵਿਚ ਉਹ ਸਾਰੀਆਂ ਖੂਬੀਆਂ ਸਨ, ਜੋ ਇਕ ਸਫਲ ਜਰਨੈਲ ਤੇ ਆਗੂ ਵਿਚ ਹੁੰਦੀਆਂ ਹਨ।

ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਅਨੇਕਾਂ ਹਮਲੇ ਕੀਤੇ। ਹਰ ਹਮਲੇ ਵਿਚ ਸਿੱਖਾਂ ਨੇ ਉਸਦੀ ਲੁਟਮਾਰ ਕੀਤੀ। ਉਸਨੇ ਸੰਨ 1755 ਈ. ਵਿਚ ਇਕ ਵੱਡਾ ਤੇ ਚੌਥਾ ਹਮਲਾ ਕੀਤਾ। ਮਥਰਾ, ਬਿੰਦਰਾਬਨ, ਆਗਰਾ ਤੇ ਦਿੱਲੀ ਨੂੰ ਲੁਟ ਕੇ ਉਸਨੇ ਭਾਰੀ ਮਾਤਰਾ ਵਿਚ ਸੋਨਾ, ਚਾਂਦੀ ਤੇ ਹੋਰ ਕੀਮਤੀ ਸਮਾਨ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਤੋਂ ਇਲਾਵਾ ਉਸਨੇ ਅਨੇਕਾਂ ਸੁੰਦਰ ਯੁਵਤੀਆਂ ਤੇ ਲੜਕੀਆਂ ਨੂੰ ਕੈਦ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ ਨੂੰ ਅਬਦਾਲੀ ਦੀਆਂ ਇਨ੍ਹਾਂ ਕਾਰਵਾਈਆਂ ਦਾ ਪਤਾ ਲਗਾ ਤਾਂ ਉਸਨੇ ਥਾਂ-ਥਾਂ ਸਿੰਘਾਂ ਨੂੰ ਗੁਪਤ ਤਰੀਕੇ ਨਾਲ ਸੁਨੇਹੇ ਭੇਜੇ ਤੇ ਅਬਦਾਲੀ ਕੋਲੋਂ ਦੇਸ਼ ਦਾ ਧਨ ਤੇ ਇੱਜ਼ਤ ਦੋਵੇਂ ਬਚਾਉਣ ਦੀ ਸਕੀਮ ਬਣਾਈ। ਖ਼ਬਰ ਮਿਲਣ ਸਾਰ ਹੀ ਸ਼ਹੀਦ ਬਾਬਾ ਦੀਪ ਸਿੰਘ ਜੀ 500 ਸਿੰਘਾਂ ਦਾ ਜਥਾ ਲੈ ਕੇ ਦਮਦਮੇ ਸਾਹਿਬ ਤੋਂ ਚਲ ਪਏ। ਤੇਜ਼ ਰਫਤਾਰ ਘੋੜਿਆਂ ਨਾਲ ਉਹ ਰਾਤੋ ਰਾਤ ਪੰਧ ਨਿਬੇੜ ਕੇ ਥਨੇਸਰ ਦੇ ਜੰਗਲਾਂ ਵਿਚ ਪੁੱਜ ਗਏ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਫੌਜ ਦੇ ਨਾਲ ਬਾਬਾ ਦੀਪ ਸਿੰਘ ਜੀ ਨੇ ਆਪਣੇ 500 ਸਿੰਘਾਂ ਦੇ ਪੰਜ ਜਥੇ ਬਣਾ ਕੇ ਗੁਰੀਲਾ ਯੁੱਧ ਕਰਨ ਦਾ ਫੈਸਲਾ ਕੀਤਾ।

ਸਿੰਘ ਰਹੁਰੀਤਾਂ ਵਿਚ ਪੱਕੇ ਹੋਣ ਕਾਰਨ, ਬਾਬਾ ਦੀਪ ਸਿੰਘ ਜੀ ਨੇ ਸਿੰਘਾਂ ਨੂੰ ਆਪਣਾ ਈਮਾਨ ਤੇ ਆਚਰਨ ਕਾਇਮ ਰੱਖ ਕੇ ਇਹ ਕੁਰਬਾਨੀ ਕਰਨ ਲਈ ਪ੍ਰੇਰਿਆ।

ਬਾਬਾ ਦੀਪ ਸਿੰਘ ਜੀ ਦੇ ਜਥੇ ਦੀ ਡਿਊਟੀ ਕੁਰਕਸ਼ੇਤਰ ਪਾਸ ਲੱਗੀ। ਸ਼ਾਹਬਾਦ ਮਾਰਕੰਡਾ ਤੇ ਪਿਪਲੀ (ਦਰਿਆ) ਦੇ ਵਿਚਾਲੇ ਅਬਦਾਲੀ ਨੇ ਰਾਤ ਪੈਣ ਕਾਰਣ ਡੇਰਾ ਕਰ ਲਿਆ। ਕੈਦ ਕੀਤੀਆਂ ਭਾਰਤੀ ਮੁਟਿਆਰਾਂ ਤੇ ਮੁੰਡੇ ਰੋ-ਰੋ ਕੇ ਰਾਮ ਤੇ ਅੱਲਾ ਨੂੰ ਯਾਦ ਕਰ ਰਹੇ ਸਨ। ਅਬਦਾਲੀ ਸਮੇਤ ਸਾਰੀ ਫੌਜ ਜਿੱਤ ਦੀ ਖੁਸ਼ੀ ਕਾਰਣ ਸ਼ਰਾਬ ਦੇ ਨਸ਼ੇ ਵਿਚ ਰੱਬ ਨੂੰ ਵੀ ਭੁਲਾ ਬੈਠੀ ਸੀ। ਸਿੰਘਾਂ ਨੇ ਅਚਾਨਕ ਜ਼ੋਰਦਾਰ ਹਮਲਾ ਕਰ ਦਿੱਤਾ। ਕੁੱਝ ਸਿੰਘ ਦੁਰਾਨੀ ਸਿਪਾਹੀਆਂ ਨਾਲ ਲੜਨ ਲੱਗੇ ਤੇ ਬਾਕੀ ਦੇ ਸਿੰਘਾਂ ਨੇ ਕੀਮਤੀ ਸਾਜ਼ੋ ਸਮਾਨ ਤੇ ਮੁਟਿਆਰਾਂ ਦੇ ਗੱਡੇ ਹਿਕ ਲਏ। ਹਮਲਾ ਕਰਨ ਤੋਂ ਬਾਅਦ ਸਿੰਘ ਫਿਰ ਜੰਗਲਾਂ ਵਿਚ ਜਾ ਛਿਪੇ। ਉਥੇ ਉਹਨਾਂ ਨੇ ਮੁਟਿਆਰਾਂ ਤੇ ਗੁਲਾਮ ਮੁੰਡਿਆਂ ਦੇ ਹੱਥ ਪੈਰ ਖੋਲੇ ਤੇ ਉਹਨਾਂ ਨੂੰ ਘਰੋਂ ਘਰੀ ਪਹੁੰਚਾਉਣ ਦਾ ਬੰਦੋਬਸਤ ਕੀਤਾ। ਸ. ਮੋਹਨ ਸਿੰਘ ਅਨੁਸਾਰ ਬਾਬਾ ਜੀ ਦੇ ਜਥੇ ਦੇ ਸਿੰਘਾਂ ਨੇ 300 ਦੇ ਕਰੀਬ ਭਾਰਤੀ ਸੁੰਦਰ ਬੀਬੀਆਂ ਤੇ 100 ਕੁ ਦੇ ਕਰੀਬ ਲੜਕਿਆਂ ਨੂੰ ਕੈਦ ਵਿਚੋਂ ਛੁੜਾਇਆ ਤੇ ਹੋਰ ਸਿੰਘਾਂ ਦੇ ਜਥੇ ਵੀ ਆਪਣੀ-ਆਪਣੀ ਡਿਊਟੀ ਅਟਕ ਦਰਿਆ ਤਕ ਬਾਬਾ ਜੀ ਦੇ ਜਥੇ ਵਾਂਗ ਹੀ ਨਿਭਾਉਂਦੇ ਰਹੇ। ਇਹ ਉਹ ਸਮਾਂ ਸੀ ਜਦੋਂ ਅਬਦਾਲੀ ਦੀ ਤਾਕਤ ਜ਼ੋਰ ਫੜ ਚੁੱਕੀ ਸੀ ਤੇ ਕੋਈ ਮਰਹੱਟਾ, ਰਾਜਪੂਤ. ਰੁਹੇਲਾ ਇਹਨਾਂ ਬੇਵੱਸ ਮੁਟਿਆਰਾਂ ਤੇ ਮੁੰਡਿਆਂ ਦੀ ਮਦਦ ਲਈ ਨਾ ਪਹੁੰਚਿਆ। ਬਾਬਾ ਦੀਪ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਇਨ੍ਹਾਂ ਮਜਲੂਮਾਂ ਨੂੰ ਛਡਾਉਣ ਦੇ ਨਾਲ-ਨਾਲ ਉਹਨਾਂ ਨੂੰ ਘਰਾਂ ਤਕ ਵੀ ਪਹੁੰਚਾਇਆ। ਸਿੱਖਾਂ ਦੇ ਉਚੇ-ਸੁੱਚੇ ਆਚਰਨ ਦੇ ਸੂਰਬੀਰਤਾ ਕਾਰਨ ਉਸ ਸਮੇਂ ਕਈ ਲੋਕ-ਤੁਕਾਂ ਪ੍ਰਸਿਧ ਹੋ ਗਈਆਂ ਸਨ। ਜਿਵੇਂ:

ਮੋੜੀ ਬਾਬਾ ਕੱਛ ਵਾਲਿਆ,
ਨਹੀਂ ਤਾ ਗਈ, ਰੰਨ ਬਸਰੇ ਨੂੰ ਗਈ।

ਜਾਂ

ਆਏ ਨੀ ਨਿਹੰਗ,
ਬੂਹਾ ਖੋਲ ਦੇ ਨਿਸੰਗ ॥

ਉਧਰ ਅਬਦਾਲੀ ਸਵੇਰੇ ਆਪਣਾ ਸਭ ਕੁਝ ਲੁਟਿਆ ਵੇਖ ਕੇ ਗੁਸੇ ਨਾਲ ਲਾਲ ਪੀਲਾ ਹੋਣ ਲੱਗਾ। ਉਸਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਸ਼ਾਹੀ ਸੂਹੀਆਂ ਤੋਂ ਸਿੱਖਾਂ ਦਾ ਪਤਾ ਟਿਕਾਣਾ ਪੁਛਿਆ। ਉਹਨਾਂ ਦਸਿਆ ਕਿ ਸਿੱਖਾਂ ਦਾ ਅੰਮ੍ਰਿਤਸਰ ਵਿਚ ਇਕ ਤਲਾਬ ਹੈ। ਉਸ ਵਿਚੋਂ ਇਸ਼ਨਾਨ ਕਰਕੇ ਇਹ ਬੜੀ ਸ਼ਕਤੀ ਪ੍ਰਾਪਤ ਕਰ ਲੈਂਦੇ ਹਨ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸ ਵਾਰਤਾ ਨੂੰ ਇਵੇਂ ਬਿਆਨ ਕੀਤਾ ਹੈ।

ਵਲੀ ਇਨ ਕਾ ਅਜਬ ਭਯੋ ਹੈ।
ਇਨ ਕੋ ਆਬੇ ਹਯਾਤ ਦਯੋ ਹੈ।
ਗਜ਼ਬ ਅਸਰ ਤਿਸ ਕਾ ਹਮ ਦੇਖਾ।
ਬੁਜ਼ਦਿਲ ਹੋਵਤ ਸਿੰਘ ਬਸੇਖਾ।
ਰਾਤ ਨਾ ਦਿਨ ਭਰ ਪੀਵਹਿ ਪਾਣੀ।
ਸਿਆਲ ਨਾ ਰਾਖਹਿ ਅਗਲ ਨੀਮਾਨੀ।
ਬੈਠਤ-ਸੋਵਤਿ ਚਲਤੇ ਖਾਵਹਿ ।
ਗ੍ਰਾਮ ਕਿਸੀ ਮੈਂ ਟਿਕਣ ਨਾ ਪਾਵਹਿ।

ਸੂਹੀਆ ਦੇ ਇਹ ਸ਼ਬਦ ਸੁਣ ਕੇ ਅਬਦਾਲੀ ਨੇ ਗੁੱਸੇ ਵਿਚ ਆ ਕੇ ਪਵਿਤਰ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਪੂਰ ਦੇਣ ਦਾ ਹੁਕਮ ਦੇ ਦਿੱਤਾ। ਤੈਮੂਰ ਨੇ ਜਰਨੈਲ ਜਹਾਨ ਖਾਂ, ਹਾਜੀ ਖਾਂ ਤੇ ਸਰ ਬੁਲੰਦ ਖਾਂ ਨੂੰ ਦਸ ਹਜ਼ਾਰ ਫੌਜ ਦਿੱਤੀ। ਜਹਾਨ ਖਾਂ 30 ਹਜ਼ਾਰ ਇਲਾਕੇ ਦੇ ਮੁਸਲਮਾਨ ਤੇ 10 ਹਜ਼ਾਰ ਸ਼ਾਹੀ ਫੌਜ ਨੂੰ ਨਾਲ ਲੈ ਕੇ ਅੰਮ੍ਰਿਤਸਰ ਪੁਜਾ ਤਾਂ ਬਾਬਾ ਗੁਰਬਖਸ਼ ਸਿੰਘ ਨੇ 30 ਕੁ ਸਾਥੀਆਂ ਸਮੇਤ ਡਟ ਕੇ ਮੁਕਾਬਲਾ ਕੀਤਾ ਤੇ ਸ਼ਹੀਦ ਹੋ ਗਏ। ਜਹਾਨ ਖਾਂ ਨੇ ਆਲੇ-ਦੁਆਲੇ ਦੇ ਮਕਾਨਾਂ ਨੂੰ ਢਾਹ ਕੇ ਸਰੋਵਰ ਨੂੰ ਪੂਰ ਦਿੱਤਾ ਤੇ ਮਗਰੋਂ ਸਖਤ ਫੌਜੀ ਪਹਿਰਾ ਲਾ ਕੇ ਲਾਹੌਰ ਪਰਤ ਗਿਆ।

ਅੰਮ੍ਰਿਤਸਰ ਸਰੋਵਰ ਦੇ ਪੂਰੇ ਜਾਣ ਕਰਕੇ ਸਾਰੇ ਪਾਸੇ ਹਾਹਾਕਾਰ ਮਚ ਗਈ। ਇਕ ਸਿੱਖ ਸ. ਭਾਗ ਸਿੰਘ ਨਿਹੰਗ ਸਿੰਘ ਨੇ ਇਹ ਖਬਰ ਦਮਦਮੇ ਸਾਹਿਬ ਜਾ ਕੇ ਬਾਬਾ ਦੀਪ ਸਿੰਘ ਜੀ ਨੂੰ ਸੁਣਾਈ। ਬਾਬਾ ਜੀ ਉਸ ਸਮੇਂ ਗੁਰਬਾਣੀ ਲਿਖ ਰਹੇ ਸਨ। ਜਹਾਂਨ ਖਾਂ ਦੇ ਇਸ ਕਾਰੇ ਨੂੰ ਸੁਣ ਕੇ ਬਾਬਾ ਜੀ ਦੇ ਤਨ ਬਦਨ ਵਿਚ ਭਾਂਬੜ ਬਲ ਉਠੇ। ਉਨ੍ਹਾਂ ਨੇ ਗੁਰਬਾਣੀ ਲਿਖਣ ਦਾ ਕੰਮ ਵਿਚੇ ਛੱਡ ਕੇ ਸਾਰੇ ਸਿੰਘਾਂ ਨੂੰ ਦਮਦਮੇ ਸਾਹਿਬ ਵਿਖੇ ਆਉਣ ਦਾ ਹੁਕਮ ਦਿੱਤਾ। ਝਟਪਟ ਸਾਰੇ ਜਥੇ ਦਮਦਮੇ ਸਾਹਿਬ ਵਿਖੇ ਪਹੁੰਚ ਗਏ। ਜਹਾਨ ਖਾਂ ਦੀ ਇਸ ਕਾਰੇ ਨੂੰ ਸੁਣ ਕੇ ਸਿੰਘਾਂ ਦਾ ਖੂਨ ਖੌਲ ਉਠਿਆ, ਅੱਖਾਂ ਅੰਗਿਆਰਿਆਂ ਵਾਂਗੂ ਭਖਣ ਲਗੀਆਂ। ਕ੍ਰਿਪਾਨਾਂ, ਖੰਡੇ, ਨੇਜੇ, ਭਾਲੇ, ਤੀਰ ਕਮਾਨ ਤੇ ਕਈ ਪ੍ਰਕਾਰ ਦੇ ਹਥਿਆਰਾਂ ਨਾਲ ਸਿੰਘਾਂ ਨੇ ਆਪਣੇ ਆਪ ਨੂੰ ਸਜਾਇਆ। ਸਾਰੇ ਸਿੰਘ ਦਮਦਮਾ ਸਾਹਿਬ ਵਿਖੇ ਇਕੱਠੇ ਹੋ ਗਏ। ਨਗਾਰੇ ਤੇ ਚੋਟ ਪਈ।

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ ॥
ਖੇਤ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ

ਜੁ ਲਰੇ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ
ਕਬਹੂੰ ਨ ਛਾਡੈ ਖੇਤ ॥

ਡੇਰੇ ਦੀ ਸੇਵਾ ਸੰਭਾਲ ਦਾ ਕੰਮ ਭਾਈ ਮਸੱਦਾ ਸਿੰਘ ਜੀ ਨੂੰ ਸੌਂਪਿਆ ਗਿਆ। ਤਲਵੰਡੀ ਸਾਬੋ ਦੇ ਲਾਗਲੇ ਪਿੰਡਾਂ ਪਿੰਡ ਨੇਰੀਆ ਵਾਲਾ, ਦਗਜ, ਭੁਟੋ, ਗੋਬਿੰਦਪੁਰਾ, ਬਹਿਮਣ, ਸਾਹਨੇਵਾਲਾ, ਪੰਜੋਕੇ, ਫੂਲ, ਮਹਿਰਾਜ, ਕੋਟ ਅਤੇ ਲੱਖੀ ਜੰਗਲ ਵਿਚੋਂ ਹੋਈ ਭਰਤੀ ਵਹੀਰਾਂ ਘੱਤ ਕੇ ਫੀਰੋਜ਼ਪੁਰ ਦੇ ਪੱਤਣ ਤੋਂ ਸਤਿਲੁਜ ਪਾਰ ਕਰਕੇ ਕਸੂਰ ਜ਼ਿਲ੍ਹਾ ਲਾਹੌਰ (ਅੰਮ੍ਰਿਤਸਰ) ਆਣ ਪੁਜੇ।

ਹਰਿਮੰਦਰ ਸਾਹਿਬ ਨੂੰ ਅਜ਼ਾਦ ਕਰਾਉਣ ਤੋਂ ਪਹਿਲਾਂ ਸਫਲਤਾ ਲਈ ਸ੍ਰੀ ਆਖੰਡ ਪਾਠ ਦਾ ਭੋਗ ਪਾਇਆ ਗਿਆ। ਬਾਬਾ ਦੀਪ ਸਿੰਘ ਜੀ ਨੇ ਹੱਥ ਜੋੜ ਕੇ ਅਰਦਾਸ ਕੀਤੀ।

ਹੇ ਸ਼ਹੀਦਾਂ ਦੇ ਸਿਰਤਾਜ ! ਤੇਰੇ ਚਰਨਾਂ ਵਿਚ ਖਲੋ ਕੇ ਪ੍ਰਣ ਕਰਦਾ ਹਾਂ ਕਿ ਜਦ ਤਕ ਅੰਮ੍ਰਿਤਸਰੋਂ ਜ਼ਾਲਮਾਂ ਦੇ ਡੰਡੇ ਪੁੱਟ ਨਹੀਂ ਲੈਂਦਾ ਤਦ ਤਕ ਜੀਊਂਦਾ ਰਹਾਂਗਾ। ਸ਼ਹੀਦ ਹੋਣ ਵਾਸਤੇ ਚਲਿਆ ਹਾਂ, ਪਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਪਹੁੰਚ ਕੇ ਹੀ ਸ਼ਹੀਦ ਹੋਵਾਂਗਾ।

ਦੁਨੀਆ ਦੇ ਇਤਿਹਾਸ ਵਿਚ ਇਹ ਆਪਣੀ ਹੀ ਤਰ੍ਹਾਂ ਦੀ ਇਕ ਅਨੋਖੀ ਅਰਦਾਸ ਸੀ, ਜਿਸ ਵਿਚ ਧਰਮ ਯੁੱਧ ਕਰਕੇ ਕੰਮ ਦੇ ਪੂਰੇ ਹੋਣ ਤਕ ਜਿਉਂਦੇ ਰਹਿਣ ਦਾ ਪ੍ਰਣ ਕੀਤਾ ਸੀ। ਬਾਬਾ ਦੀਪ ਸਿੰਘ ਨੇ ਮੌਤ ਦਾ ਭੈਅ ਵੀ ਨਹੀਂ ਮੰਨਿਆ, ਕਿਉਂਕਿ ਉਨ੍ਹਾਂ ਨੂੰ ਅਰਦਾਸ ਤੇ ਅਟੱਲ ਭਰੋਸਾ ਸੀ। ਉਹਨਾਂ ਨੇ ਪੂਰਨ ਵਿਸ਼ਵਾਸ਼ ਨਾਲ ਕਿਹਾ

ਗਿਰਿ ਬਸੁਧਾ ਜਲ ਪਵਨ ਜਾਇਗੋ,
ਇਕ ਸਾਧ ਬਚਨ ਅਟਲਾਧਾ।
(ਸਾਰੰਗ ਮਹਲਾ ੫, ਪੰਨਾ ੧੨੦੪)

ਅਰਦਾਸ ਵਿਚ ਲਗਭਗ ਪੰਜ ਹਜ਼ਾਰ ਸਿੱਖਾਂ ਦੇ ਸਿਰਾਂ ਦੀ ਅਰਦਾਸ ਹੋਈ। ਉਸ ਤੋਂ ਬਾਅਦ ਆਪ ਸਿੰਘਾਂ ਸਮੇਤ ਤਰਨਤਾਰਨ ਤੋਂ ਬਾਹਰ ਆ ਗਏ। ਉਥੇ ਆਪ ਨੇ ਖੰਡੇ ਨਾਲ ਲਕੀਰ ਵਾਹ ਕੇ ਸਿੱਖਾਂ ਦੀ ਪਰਖ ਕੀਤੀ। ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਗਏ। ਅੰਮ੍ਰਿਤਸਰ ਤੇ ਤਰਨਤਾਰਨ ਦੇ ਦਰਮਿਆਨ ਚੱਬੇ ਦੇ ਮੈਦਾਨ ਵਿਚ ਪਹੁੰਚ ਗਏ। ਉਧਰ ਜਹਾਨ ਖਾਂ ਵੀ ਆਪਣੀ 20 ਹਜਾਰ ਫੌਜ ਲੈ ਕੇ ਸਿੰਘਾਂ ਨੂੰ ਰੋਕਣ ਲਈ ਅੱਗੇ ਵਧਿਆ। ਉਸ ਦੀ ਫੌਜ ਸਿੰਘਾਂ ਨਾਲੋਂ ਬਹੁਤ ਜ਼ਿਆਦਾ ਸੀ। ਦੋਵੇਂ ਫੌਜਾਂ ਅੰਮ੍ਰਿਤਸਰ ਤੋਂ ਕੋਈ ਛੇ ਮੀਲ ਦੀ ਵਿੱਥ ਤੇ 'ਗੋਹਲਵੜ' ਨਾਮਕ ਸਥਾਨ ਉਪਰ ਇਕੱਠੀਆਂ ਹੋ ਗਈਆਂ। ਮੁਗਲ

ਜ਼ਾਲਮਾਂ ਨੂੰ ਮਾਰ ਮੁਕਾਉਣ ਲਈ ਸਿੱਖਾਂ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਮੈਦਾਨ ਵਿਚ ਪਹੁੰਚਦਿਆਂ ਹੀ ਕੱਟ ਵੱਢ ਸ਼ੁਰੂ ਹੋ ਗਈ। ਜਹਾਨ ਖਾਂ ਦੇ ਸਾਥੀ ਯਾਕੂਬ ਖਾਂ ਤੇ ਅਮਾਨ ਖਾਂ ਆਪਣੀ ਫੌਜ ਦੇ ਹੌਂਸਲੇ ਵਧਾ ਰਹੇ ਸਨ। ਬਾਬਾ ਗੁਰਬਖਸ਼ ਸਿੰਘ ਵੀ ਆਨੰਦਪੁਰ ਤੋਂ ਆਪਣੇ ਜਥੇ ਨੂੰ ਲੈ ਕੇ ਆ ਗਏ। ਸਿੱਖਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਦੇਖ ਕੇ ਮੁਗਲ ਫੌਜਾਂ ਵਿਚ ਘਬਰਾਹਟ ਵੱਧ ਗਈ। ਦਿਆਲ ਸਿੰਘ ਨੇ ਆਪਣਾ ਨੇਜਾ ਜਹਾਨ ਖਾਂ ਦੇ ਮਾਰਿਆ ਜੋ ਉਸਦੇ ਸਰੀਰ ਦੇ ਆਰ ਪਾਰ ਹੋ ਗਿਆ। ਇਕ ਹੋਰ ਸਿੰਘ ਨੇ ਉਸਦਾ ਸਿਰ ਵੱਢ ਕੇ ਨੇਜੇ ਉਪਰ ਟੰਗ ਲਿਆ। ਆਪਣੇ ਆਗੂ ਦਾ ਸਿਰ ਵਢਿਆ ਵੇਖ ਕੇ ਮੁਗਲ ਸੈਨਾ ਵਿਚ ਹਲਚਲ ਮੱਚ ਗਈ। ਉਹ ਪਿਛਾਂਹ ਹਟਣ ਲੱਗੇ। ਇੰਨੇ ਨੂੰ ਮੁਗਲ ਸੈਨਾ ਦੇ ਇਕ ਹੋਰ ਸੈਨਾਪਤੀ ਅਤਾਈ ਖਾਂ ਤਾਜਾ ਦਮ ਫੌਜ ਲੈ ਕੇ ਆ ਗਿਆ। ਪਾਸਾ ਪੁੱਠਾ ਪੈ ਗਿਆ। ਸਿੰਘ ਸ਼ਹੀਦ ਹੋਣ ਲੱਗੇ। ਬਾਬਾ ਦੀਪ ਸਿੰਘ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਅੱਗੇ ਵੱਧ ਰਹੇ ਸਨ। ਸਿੰਘਾਂ ਦੀ ਅਗਵਾਈ ਬਾਬਾ ਨੌਧ ਸਿੰਘ ਜੀ ਕਰ ਰਹੇ ਸਨ। ਘਮਸਾਣ ਦੇ ਯੁੱਧ ਵਿਚ ਕਿਸੇ ਨੇ ਉਹਨਾਂ ਦੀ ਪਿੱਠ ਪਿਛੇ ਵਾਰ ਕਰ ਦਿੱਤਾ। ਉਨ੍ਹਾਂ ਦੀ ਸੰਜੋਅ ਕਟੀ ਗਈ ਤੇ ਨੇਜਾ ਵੱਖੀ ਨੂੰ ਪ ੜ ਕੇ ਅੰਦਰ ਘੁਸ ਗਿਆ। ਉਨ੍ਹਾਂ ਦਾ ਘੋੜਾ ਵੀ ਉਸ ਸਮੇਂ ਮਰਿਆ। ਆਮ ਤੌਰ ਤੇ ਆਗੂ ਦੀ ਮੌਤ ਤੋਂ ਬਾਅਦ ਫੌਜਾਂ ਪਿਛੇ ਹਟ ਜਾਂਦੀਆਂ ਹਨ ਪਰ ਇਥੇ ਉਲਟ ਅਸਰ ਹੋਇਆ।

"ਜਬੈ ਬਾਣ ਲਾਗੈ
ਤਬੈ ਰੋਸ ਜਾਗੈ।"

ਜਥੇ ਦੀ ਕਮਾਨ ਬਾਬਾ ਦੀਪ ਸਿੰਘ ਜੀ ਨੇ ਸੰਭਾਲ ਲਈ। ਸਿੰਘਾਂ ਦਾ ਗੁੱਸਾ ਬਾਬਾ ਨੌਧ ਸਿੰਘ ਜੀ ਦੇ ਸ਼ਹੀਦ ਹੋਣ ਤੇ ਹੋਰ ਭੜਕ ਉੱਠਿਆ। ਉਹ ਮੁਗਲਾਂ ਉੱਤੇ ਟੁੱਟ ਕੇ ਪੈ ਗਏ। ਤਹਿਮਸਨਾਮਾ ਵਿਚ ਮਸਕੀਨ ਲਿਖਦਾ ਹੈ ਕਿ "ਸਿੱਖਾਂ ਨੇ ਚਾਰੇ ਪਾਸਿਆਂ ਤੋਂ ਸਾਡੇ ਉਪਰ ਹੱਲਾ ਬੋਲ ਦਿੱਤਾ। ਲੜਾਈ ਸ਼ੁਰੂ ਹੋ ਗਈ ਤੇ ਦੋਵੇਂ ਇਕ ਦੂਜੇ ਤੇ ਫਾਇਰ ਕਰਨ ਲੱਗੇ। ਸਿੰਘਾਂ ਨੇ ਸਾਨੂੰ ਨੇੜਿਉ ਘੇਰ ਲਿਆ ਤੇ ਹਰ ਪਾਸਿਉਂ ਲੜਾਈ ਤੇਜ ਕਰ ਦਿੱਤੀ ਤੇ ਸਾਨੂੰ ਇੰਨਾ ਬੇਹੌਂਸਲਾ ਕਰ ਦਿੱਤਾ ਤੇ ਸਾਡੇ ਕਈ ਆਦਮੀ ਘਬਰਾਹਟ ਵਿਚ ਭਜ ਗਏ।" ਮੁਗਲ ਸੈਨਾਪਤੀ ਜਮਾਲ ਖਾਂ ਨੇ ਬਾਬਾ ਦੀਪ ਸਿੰਘ ਨੂੰ ਰੋਕਿਆ। ਦੋਵੇਂ ਸੂਰਮੇ ਇਕ ਦੂਜੇ ਦੇ ਵਾਰ ਰੋਕਦੇ ਹੋਏ ਤਕਰੀਬਨ ਦੋ ਘੰਟੇ ਲੜਦੇ ਰਹੇ। ਫਿਰ ਇਕ ਸਾਂਝੇ ਵਾਰ ਨਾਲ ਦੋਵੇਂ ਸੂਰਮੇ ਗੰਭੀਰ ਜ਼ਖਮੀ ਹੋ ਗਏ। ਬਾਬਾ ਦੀਪ ਸਿੰਘ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਉਹ ਡਿਗਣ ਹੀ ਲੱਗੇ ਸਨ ਕਿ ਇਕ ਸਿੰਘ ਨੇ ਬਾਬਾ ਦੀਪ ਸਿੰਘ ਨੂੰ ਕਿਹਾ ਕਿ 'ਉਹਨਾਂ ਤਾਂ ਆਪਣਾ ਸੀਸ ਸੁਧਾਸਰ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਭੇਟਾ ਕਰਨਾ ਸੀ। ਅਜੇ ਤਾਂ ਤੁਸੀਂ ਉਥੇ ਨਹੀਂ ਪਹੁੰਚੇ।' ਇਹ ਗੱਲ ਸੁਣਨ ਦੀ ਦੇਰ ਸੀ ਕਿ ਉਹਨਾਂ ਨੇ ਆਪਣੇ ਖੱਬੇ ਹੱਥ ਤੇ ਸੀਸ ਟਿਕਾਇਆ ਤੇ ਸੱਜੇ ਹੱਥ ਨਾਲ 18 ਸੇਰ ਦਾ ਖੰਡਾ ਖੜਕਾਉਂਦੇ ਹੋਏ

ਅੱਗੇ ਲੰਘ ਰਹੇ ਸਨ । ਬਾਬਾ ਦੀਪ ਸਿੰਘ ਜੀ ਨੂੰ ਇਸ ਹਾਲਤ ਵਿਚ ਲੜਦਿਆਂ ਵੇਖ ਕੇ ਮੁਗਲ ਸਿਪਾਹੀ ਡਰ ਕੇ ਦੌੜਨ ਲੱਗੇ । ਡਾ. ਫੌਜਾ ਸਿੰਘ, ਡਾ. ਮਦਨਜੀਤ ਕੌਰ, ਡਾ. ਗੋਪਾਲ ਸਿੰਘ ਡਾ: ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਬਾਬਾ ਦੀਪ ਸਿੰਘ ਜੀ ਦਾ ਸਿਰ ਧੜ ਨਾਲੋਂ ਅਲੱਗ ਨਹੀਂ ਹੋਇਆ ਸੀ, ਉਹਨਾਂ ਦੀ ਧੌਣ ਉਤੇ ਇਕ ਘਾਤਕ ਘਾਵ ਲੱਗਾ ਸੀ । ਬਾਬਾ ਦੀਪ ਸਿੰਘ ਧੌਣ ਨੂੰ ਹੱਥ ਦਾ ਸਹਾਰਾ ਦਿੰਦੇ ਹੋਏ ਲੜਦੇ ਗਏ ਤੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਆਪਣਾ ਸੀਸ ਭੇਟ ਕੀਤਾ ਤੇ ਸ਼ਹੀਦ ਹੋ ਗਏ । ਪਰ ਪ੍ਰੰਪਰਾ ਅਨੁਸਾਰ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ ਸੀ । ਕਈ ਖੋਜੀਆਂ ਦਾ ਵਿਚਾਰ ਹੈ ਕਿ ਜਿਥੇ ਬਾਬਾ ਦੀਪ ਸਿੰਘ ਜੀ ਦਾ ਮਹਾਨ ਸ਼ਹੀਦੀ ਅਸਥਾਨ ਹੈ ਉਥੋਂ ਆਪਣੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਭੇਟ ਕੀਤਾ । ਉਹ ਅਗੰਮੀ ਸ਼ਕਤੀ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਪਹੁੰਚ ਗਿਏ ਜਥੇ ਅੱਜ ਤੱਕ ਬਾਬਾ ਜੀ ਦੀ ਯਾਦਗਾਰ ਸ਼ਹੀਦੀ ਬੁੰਗਾ ਪ੍ਰਕਰਮਾ ਵਿਚ ਕਾਇਮ ਹੈ ।

ਕਥਨੀ ਤੇ ਕਰਣੀ ਦੇ ਪੂਰੇ ਇਸ ਸੂਰਮੇ ਨੇ ਗੁਰੂ ਦੇ ਨਾਮ ਲਾਇਆ ਆਪਣਾ ਸੀਸ ਗੁਰੂ ਦੇ ਹੀ ਲੇਖੇ ਲਾ ਕੇ ਆਪਣਾ ਬਚਨ ਪੂਰਾ ਕੀਤਾ । ਬਹੁਤ ਜਿਆਦਾ ਜ਼ਖਮੀ ਹੋਣ ਦੇ ਬਾਵਜੂਦ ਵੀ ਉਹਨਾਂ ਨੇ ਵੈਰੀਆਂ ਦਾ ਟਾਕਰਾ ਕਰਦਿਆਂ ਸੀਸ ਸੋਢੀ ਪਾਤਸ਼ਾਹ ਦੇ ਚਰਨਾਂ ਵਿਚ ਜਾ ਭੇਟਾ ਕੀਤਾ । ਸੋਹਨ ਸਿੰਘ ਅਨੁਸਾਰ ਉਹ 11 ਨਵੰਬਰ 1757 ਈ. ਤਥਾ 1815 ਬਿਕਰਮੀ ਨੂੰ ਸ਼ਹੀਦ ਹੋਏ । ਤਵਾਰੀਖ਼ ਖਾਲਸਾ ਦੇ ਲੇਖਕ ਅਨੁਸਾਰ ਆਪ 1817 ਬਿ. ਨੂੰ ਸ਼ਹੀਦ ਹੋਏ ਤੇ ਮਰ ਕੇ ਵੀ ਹਮੇਸ਼ਾਂ ਲਈ ਅਮਰ ਹੋ ਗਏ । ਇਹਨਾਂ ਸ਼ਹੀਦਾਂ ਬਾਰੇ ਹੀ ਕਬੀਰ ਜੀ ਨੇ ਕਿਹਾ ਹੈ ।

ਮਰਤਾ ਮਰਤਾ ਜਗੁ ਮੂਆ, ਮਰਿ ਭੀ ਨਾ ਜਾਣਿਆ ਕੋਇ ।।
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ।।

ਆਪ ਦਾ ਅੰਤਮ ਸੰਸਕਾਰ ਗੁਰਦੁਆਰਾ ਰਾਮਸਰ ਦੇ ਪੂਰਬ ਵੱਲ ਚਾਟੀ ਵਿੰਡ ਦੇ ਦਰਵਾਜੇ ਦੇ ਬਾਹਰ ਕੀਤਾ ਗਿਆ । ਜਿਥੇ ਉਹਨਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ । ਇਸ ਤੋਂ ਇਲਾਵਾ ਵੀ ਆਪ ਦੀਆਂ ਕਈ ਯਾਦਗਾਰਾਂ ਮੌਜੂਦ ਹਨ ।

1. ਕਮਰਕੱਸੇ ਦੀ ਤਲਵਾਰ ਜਿਸ ਦਾ ਅਕਾਰ ਤਿੰਨ ਫੁਟ ਹੈ । ਇਹ ਤਲਵਾਰ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਖਸ਼ਿਸ਼ ਕੀਤੀ ਸੀ ।

2. ਫੌਲਾਦੀ ਤੇਗਾ ਜਿਸ ਦੀ ਲੰਬਾਈ ਤਿੰਨ ਫੁਟ ਤੇ ਚੌੜਾਈ ਪੰਜ ਇੰਚ ਤੇ ਮੋਟਾਈ ਤਿੰਨ ਸੂਤਰ ਤੇ ਧਾਰ ਅਤੀ ਤੇਜ ਹੈ । ਤੇਗੇ ਦਾ ਰੂਪ ਵੀ ਬੜਾ ਸੁੰਦਰ ਹੈ ਤੇ ਇਸ ਦਾ ਵਜਨ ਦਸ ਸੇਰ ਦਸਦੇ ਹਨ ।

3. ਤੋੜੇਦਾਰ ਬੰਦੂਕ ਜੋ ਪੰਜ ਫੁਟ ਲੰਬੀ ਹੈ । ਜੋ ਕਿਸੇ ਸ਼ਰਧਾਲੂ ਨੇ ਤਿਆਰ

ਕਰਕੇ ਗੁਰੂ ਜੀ ਨੂੰ ਭੇਂਟ ਕੀਤੀ ਸੀ।

ਬਾਬਾ ਦੀਪ ਸਿੰਘ ਜੀ ਨੇ ਇਥੇ ਇਕ ਚਾਰ ਮੰਜਿਲਾ ਬੁਰਜ ਤਿਆਰ ਕਰਵਾਇਆ ਸੀ। ਇਸ ਬੁਰਜ ਦੀਆਂ (53) ਪੌੜੀਆਂ ਹਨ। ਇਹ ਉਸ ਸਮੇਂ ਦੀ ਜੰਗ ਨੂੰ ਮੁੱਖ ਰੱਖ ਕੇ ਤਿਆਰ ਕਰਵਾਇਆ ਸੀ। ਇਸ ਬੁਰਜ ਦੇ ਨਾਲ ਇਕ ਭੋਰਾ ਸਾਹਿਬ ਹੈ, ਜਿਸ ਵਿਚ ਜੰਗ ਦਾ ਸਾਰਾ ਸਮਾਨ ਹੁੰਦਾ ਹੈ।

ਬਾਬਾ ਦੀਪ ਸਿੰਘ ਜੀ ਦੀਆਂ ਯਾਦ ਦਿਵਾਉਂਦੀਆਂ ਇਹ ਯਾਦਾਂ ਦਮਦਮਾ ਸਾਹਿਬ ਵਿਖੇ ਹਨ।

Tract No. 423 printed with the help and co-operation of :—

1. Sri Guru Singh Sabha, Patiala.
2. Shri Guru Singh Sabha Piru Manoor Cochin.
3. Gurbani Parchar Kender, Hoshiarpur.
4. Shri Guru Kalangidhar Sewak Jatha, Bikaner.
5. Baba Teja Singh Trust, West Patel Nagar, New Delhi.
6. S. Gurcharn Singh, Jagraon.
7. S. Baldev Singh and Sons, Jagraon.
8. Giani Avtar Singh Nurani Jyoti Art Press, Jagraon.
9. S. Surjit Singh, Surjit Kaur, New Basti, Jagraon.
10. S. Man Singh, Jyoti Nagar, New Delhi.
11. S. Inder Singh, New Prem Nagar, Ludhiana.
12. Bibi Kashmir Kaur w/o S. Bachan Singh Vinipeg Canada.
13. S. Narinderpal Singh, Nirmal Vihar, New Delhi.
14. S. Daljit Singh Niamatpur, Distt. Burdwan, W.B.
15. S. Gurcharan Singh, Indian Automobiles, Kurnul, A. P.
16. Capt. Hargobind Singh, Gobind Nagar, Dehradun.
17. S. Inderjit Singh, Sarabha Nagar, Ludhiana.
18. S. Joginder Singh, Boota Singh Wala, Patiala.

Subscription of the Mission

India	
Annual	Rs. 25/-
Life Membership	Rs. 200/-
Other Countries	
Ordinary	Rs. 350/-
By Air Mail	Rs. 550/-

Published in Collaboration with Academy of Sikh Religion & Culture, Patiala and Guru Nanak Dev Vidyak Society, Patiala.